ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

# Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਸ਼ੁੱਕਰਵਾਰ, 19 ਜਨਵਰੀ 2024 (ਨਾਨਕਸ਼ਾਹੀ ਸੰਮਤ : ੫੫੪, ੬ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਪੰਥਕ ਧਿਰਾਂ ਵੱਲੋਂ ਜਥੇਦਾਰ ਕਾਉਂਕੇ ਦੇ ਸੰਬੰਧ ਵਿੱਚ

# 10 ਫਰਵਰੀ ਦੇ ਨੁਮਾਇੰਦਾ ਇਕੱਠ ਲਈ 11 ਮੈਂਬਰੀ ਤਾਲਮੇਲ ਕਮੇਟੀ ਦਾ ਐਲਾਨ

### ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਤੱਕ ਸੰਘਰਸ਼ ਜਾਰੀ ਰਹੇਗਾ : ਭਾਈ ਜਸਵੀਰ ਸਿੰਘ ਰੋਡੇ, ਭਾਈ ਮੋਹਕਮ ਸਿੰਘ, ਭਾਈ ਭੋਮਾ

**ਜਲੰਧਰ, 18 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਪੰਥਕ ਧਿਰਾਂ ਵਲੋਂ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਮਰ ਸ਼ਹੀਦ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਸੰਬੰਧ ਵਿੱਚ ਇਨਸਾਫ਼ ਲੈਣ ਲਈ ਬੁਲਾਏ ਜਲੰਧਰ ਵਿਖੇ ਬੁਲਾਏ ਗਏ 10 ਫਰਵਰੀ ਦੇ ਨੁਮਾਇੰਦਾ ਇਕੱਠ ਕਰਨ ਲਈ ਸਭ ਧਿਰਾਂ ਨਾਲ ਤਾਲਮੇਲ ਕਾਇਮ ਕਰਨ ਲਈ ਜੋ ਫੈਸਲਾ 15 ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਈ ਮੀਟਿੰਗ ਵਿੱਚ ਇੱਕ ਤਾਲਮੇਲ ਕਮੇਟੀ ਬਣਾਉਣ ਦਾ ਫੈਸਲਾ ਲਿਆ ਗਿਆ ਸੀ। ਉਸ ਦਾ ਬਕਾਇਦਾ ਅੱਜ ਰਸਮੀ ਤੌਰ ਤੇ ਐਲਾਨ ਕਰਦਿਆਂ ਇਸ ਸੰਬੰਧੀ ਪ੍ਰੈਸ ਨੂੰ ਜਾਣਕਾਰੀ ਦੇਂਦਿਆਂ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ, ਭਾਈ

ਆਵਾਜ਼ਿ ਕੌਮ AWAZE QAUM International Newspaper & WEB TV

ਮੋਹਕਮ ਸਿੰਘ ਅਤੇ ਭਾਈ ਮਨਜੀਤ ਸਿੰਘ ਭੋਮਾ ਨੇ ਦੱਸਿਆ ਕਿ ਗਿਆਰਾਂ ਮੈਂਬਰੀ ਤਾਲਮੇਲ ਕਮੇਟੀ ਵਿੱਚ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਭਾਈ ਮੋਹਕਮ ਸਿੰਘ, ਮਨਜੀਤ ਸਿੰਘ ਭੋਮਾ, ਗੁਰਦੀਪ ਸਿੰਘ ਬਠਿੰਡਾ, ਪਾਲ ਸਿੰਘ ਫਰਾਂਸ, ਗੁਰਿੰਦਰ ਸਿੰਘ ਬਾਜਵਾ, ਸਤਨਾਮ ਸਿੰਘ ਮਨਾਵਾਂ, ਜਥੇਦਾਰ ਭਰਭੂਰ ਸਿੰਘ ਧਾਂਦਰਾ, ਬਲਵਿੰਦਰ ਸਿੰਘ ਫਿਰੋਜ਼ਪੁਰ ਅਤੇ ਜਥੇਦਾਰ ਹਰਬੰਸ ਸਿੰਘ ਮੰਝਪੁਰ ਨੂੰ ਸ਼ਾਮਲ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ 10 ਫਰਵਰੀ ਦੇ ਨੁਮਾਇੰਦਾ ਇਕੱਠ ਵਿੱਚ ਸਭ ਦੀ ਕਨੂੰਨੀ ਤੇ ਸਰਕਾਰ ਤੇ ਦਬਾਅ ਬਣਾਉਣ ਲਈ ਲੋਕ ਲਹਿਰ ਖੜ੍ਹੀ ਕਰਨ ਲਈ ਅਤੇ ਜਿਹਨਾਂ ਜ਼ੁਮੇਵਾਰ ਲੋਕਾਂ ਨੇ ਬੀ ਪੀ ਤਿਵਾੜੀ ਦੀ ਜਾਂਚ ਰਿਪੋਰਟ ਆਪਣੇ ਗੋਡੇ ਥੱਲੇ







ਦਬਾਈ ਰੱਖੀ ਉਹਨਾਂ ਵਿਰੁੱਧ ਕਨੂੰਨੀ ਤੇ ਧਾਰਮਿਕ ਸਜ਼ਾ ਬਾਰੇ ਸਾਰਿਆਂ ਦੀ ਕੀਮਤੀ ਰਾਏ ਲਈ ਜਾਵੇਗੀ । ਇਸ ਨੁਮਾਇੰਦਾ ਮੀਟਿੰਗ ਵਿੱਚ ਸਭ ਦੀ ਸ਼ਮੂਲੀਅਤ ਯਕੀਨੀ ਬਣਾਉਣ ਲਈ ਤੇ ਵੱਖ ਵੱਖ ਜਥੇਬੰਦੀਆਂ ਨਾਲ ਸੰਪਰਕ ਕਾਇਮ ਕਰਨ ਲਈ ਉਕਤ ਗਿਆਰਾਂ ਮੈਂਬਰੀ ਤਾਲਮੇਲ ਕਮੇਟੀ ਤਾਲਮੇਲ ਪੈਦਾ ਕਰੇਂਗੀ ਜਿਵੇਂ ਵਕੀਲਾਂ, ਡਾਕਟਰਾਂ, ਇੰਜਨੀਅਰਾਂ, ਸਾਬਕਾ ਵਾਇਸ ਚਾਂਸਲਰਾਂ, ਸਾਬਕਾ ਆਈ ਏ ਐਸ, ਮਨੁੱਖੀ ਅਧਿਕਾਰਾਂ ਦੇ ਰਾਖੇ ਪ੍ਰਿਟ ਤੇ ਇਲੈਕਟ੍ਰਾਨਿਕ ਮੀਡੀਆ ਦੇ ਪੱਤਰਕਾਰਾਂ, ਆਈ ਪੀ ਐਸ, ਪੀ ਪੀ ਐਸ ਅਫਸਰਾਂ, ਸਾਰੀਆਂ ਪੰਥਕ ਜਥੇਬੰਦੀਆਂ, ਕਿਸਾਨ ਜਥੇਬੰਦੀਆਂ, ਸੰਤਾਂ ਮਹਾਪੁਰਸ਼ਾਂ, ਮਨੁੱਖੀ ਅਧਿਕਾਰ ਸੰਗਠਨਾਂ, ਰਾਗੀਆਂ, ਢਾਡੀਆਂ, ਸਿੱਖ ਪ੍ਰਚਾਰਕਾਂ, ਗ੍ਰੰਥੀ ਸਿੰਘਾਂ, ਢਾਡੀਆਂ, ਕਵੀਸਰਾਂ, ਪੰਥ ਤੇ ਪੰਜਾਬ ਦੇ ਦਰਦੀਆਂ, ਚਿੰਤਕਾਂ, ਬੁੱਧੀਜੀਵੀਆਂ, ਸਤਿਕਾਰ ਕਮੇਟੀਆਂ, ਮਨੁੱਖੀ ਅਧਿਕਾਰਾਂ ਲਈ ਲੜਨ ਵਾਲੇ ਹਿੰਦੂ ਤੇ ਮੁਸਲਮਾਨ ਆਗੂਆਂ, ਸਰਕਾਰੀ ਰੁਤਬਿਆਂ ਤੇ ਰਹਿੰਦੇ ਹੋਏ ਸੇਵਾ ਨਿਭਾਉਂਦਿਆਂ ਹੱਕ ਸੱਚ ਦੀ ਆਵਾਜ਼ ਬੁਲੰਦ ਕਰਨ ਵਾਲੇ ਸਾਬਕਾ ਅਧਿਕਾਰੀਆਂ ਨਾਲ਼ ਤਾਲਮੇਲ ਕਰਕੇ 10 ਫਰਵਰੀ ਜਲੰਧਰ ਦੇ ਨੁਮਾਇੰਦਾ ਇਕੱਠ ਲਈ ਫੋਨਾਂ ਤੇ ਸੱਦਾ ਪੱਤਰਾਂ ਰਾਹੀਂ ਸੱਦਾ ਦੇਵੇਗੀ । ਇਸ ਨੁਮਾਇੰਦਾ ਇਕੱਠ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਗਈ ਜਥੇਦਾਰ ਕਾਉਂਕੇ ਦੇ ਸੰਬੰਧ ਵਿੱਚ ਚੇਅਰਮੈਨ ਐਡਵੋਕੇਟ ਛਿੰਦਰਪਾਲ ਸਿੰਘ ਬਰਾੜ ਸਮੇਤ ਪੰਜ ਮੈਂਬਰੀ ਵਕੀਲਾਂ ਦਾ ਪੈਨਲ ਹੁਣ ਤੱਕ ਦੀ ਇਕੱਤਰ ਕੀਤੀ ਆਪਣੀ ਕਾਨੂੰਨੀ ਰਿਪੋਰਟ ਪੇਸ਼ ਕਰੇਗਾ।




## ਐਨ. ਆਈ. ਏ. ਨੇ ਅੱਤਵਾਦੀ ਲਖਬੀਰ ਲੰਡਾ ਨੂੰ ਐਲਾਨਿਆ ਭਗੌੜਾ, ਜਾਇਦਾਦ ਕੁਰਕ ਕਰਨ ਦੀ ਕਾਰਵਾਈ ਕੀਤੀ ਸ਼ੁਰੂ

**ਚੰਡੀਗੜ੍ਹ, 18 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਗੈਂਗਸਟਰ ਲਖਬੀਰ ਲੰਡਾ ਨੂੰ ਐਨ. ਆਈ. ਏ. ਦੀ ਵਿਸ਼ੇਸ਼ ਅਦਾਲਤ ਨੇ ਭਗੌੜਾ ਕਰਾਰ ਦਿੱਤਾ ਹੈ। ਹੁਣ ਅਦਾਲਤ ਵਿਚ ਉਸ ਦੀ ਜਾਇਦਾਦ ਜ਼ਬਤ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਇਹ ਕਾਰਵਾਈ ਸੀਆਰਪੀਸੀ ਦੀ ਧਾਰਾ 82(4) ਤਹਿਤ ਕੀਤੀ ਗਈ ਹੈ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ.ਆਈ.ਏ.) ਨੇ 2023 ਵਿੱਚ ਲਖਬੀਰ ਸਿੰਘ ਸੰਧੂ ਉਰਫ਼ ਲੰਡਾ ਅਤੇ ਉਸ ਦੇ ਸਾਥੀਆਂ ਹਰਵਿੰਦਰ ਸਿੰਘ ਸੰਧੂ ਉਰਫ਼ ਰਿੰਦਾ, ਸਤਨਾਮ ਸਿੰਘ ਉਰਫ਼ ਸੱਤਾ, ਪਰਮਿੰਦਰ ਸਿੰਘ ਖਹਿਰਾ ਉਰਫ਼ ਪੱਟੂ, ਯਾਦਵਿੰਦਰ ਸਿੰਘ ਉਰਫ਼ ਜਾਡਾ ਖ਼ਿਲਾਫ਼ ਧਾਰਾ 17, 18 ਤਹਿਤ ਕੇਸ ਦਰਜ ਕੀਤਾ ਸੀ। ਇਸ ਮਾਮਲੇ ਦੀ ਸੁਣਵਾਈ ਮੁਹਾਲੀ ਦੀ ਵਿਸ਼ੇਸ਼ ਐਨਆਈਏ ਅਦਾਲਤ ਵਿੱਚ ਚੱਲ ਰਹੀ ਹੈ। ਮਾਮਲੇ ਦੀ ਪਹਿਲੀ ਸੁਣਵਾਈ 9 ਅਕਤੂਬਰ 2023 ਨੂੰ ਹੋਈ ਸੀ। ਐਨਆਈਏ ਨੇ ਮੁਲਜ਼ਮਾਂ ਨੂੰ ਭਗੌੜਾ ਐਲਾਨਣ ਲਈ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਸੀ। ਪਟੀਸ਼ਨ ਦਾਇਰ ਹੋਣ ਤੋਂ ਬਾਅਦ ਅਦਾਲਤ ਨੇ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਹੋਣ ਲਈ 30 ਦਿਨਾਂ ਦਾ ਸਮਾਂ ਦਿੱਤਾ ਸੀ, ਜੋ ਕਿ ਬੀਤ ਚੁੱਕਾ ਹੈ। ਜਿਸ ਕਾਰਨ ਅਦਾਲਤ ਨੇ ਫੈਸਲਾ ਸੁਣਾਉਂਦੇ ਹੋਏ ਦੋਸ਼ੀ ਲੰਡਾ ਨੂੰ ਭਗੌੜਾ ਕਰਾਰ ਦਿੱਤਾ ਹੈ। ਇਸ ਦੇ ਨਾਲ ਹੀ ਸਾਰੇ ਮੁਲਜ਼ਮਾਂ ਖ਼ਿਲਾਫ਼ ਸੀਆਰਪੀਸੀ ਦੀ ਧਾਰਾ 83 ਤਹਿਤ ਉਨ੍ਹਾਂ ਦੀਆਂ ਜਾਇਦਾਦਾਂ ਕੁਰਕ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਖੰਨਾ ਨੈਸ਼ਨਲ ਹਾਈਵੇਅ ’ਤੇ ਧੁੰਦ ਕਾਰਨ ਵੱਡਾ ਹਾਦਸਾ

# 20 ਵਾਹਨਾਂ ਦੀ ਹੋਈ ਜ਼ਬਰਦਸਤ ਟੱਕਰ

**ਖੰਨਾ, 18 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਖੰਨਾ ਦੇ ਦੋਰਾਹਾ ਵਿਖੇ ਨੈਸ਼ਨਲ ਹਾਈਵੇਅ ’ਤੇ ਮਹਿਜ਼ 100 ਗਜ਼ ਦੀ ਦੂਰੀ ’ਚ 3 ਹਾਦਸੇ ਹੋਏ। ਕਰੀਬ 20 ਵਾਹਨ ਆਪਸ ਵਿੱਚ ਟਕਰਾਅ ਗਏ। ਖ਼ੁਸ਼ਕਿਸਮਤੀ ਰਹੀ ਕਿ ਇਨ੍ਹਾਂ ਹਾਦਸਿਆਂ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਹਾਦਸਿਆਂ ਕਾਰਨ ਰਾਜਗੜ੍ਹ ਨੇੜੇ ਨੈਸ਼ਨਲ ਹਾਈਵੇਅ ਪੁਲ ਨੂੰ ਬੰਦ ਕਰਨਾ ਪਿਆ ਅਤੇ ਆਵਾਜਾਈ ਨੂੰ ਸਰਵਿਸ ਲੇਨ ਤੋਂ ਮੋੜਨਾ ਪਿਆ। ਦਰਅਸਲ, ਪਹਿਲਾ ਹਾਦਸਾ ਰਾਜਗੜ੍ਹ ਨੇੜੇ ਪੁਲ ’ਤੇ ਕੈਂਟਰ ਨਾਲ ਵਾਪਰਿਆ। ਇੱਥੇ 4 ਤੋਂ 5 ਵਾਹਨ ਆਪਸ ਵਿੱਚ ਟਕਰਾਅ ਗਏ। ਸੂਚਨਾ ਮਿਲਦਿਆਂ ਹੀ ਪੁਲਿਸ ਨੇ ਆ



ਆਵਾਜ਼ਿ ਕੌਮ AWAZE QAUM International Newspaper & WEB TV

ਕੇ ਵਾਹਨਾਂ ਨੂੰ ਹਟਾਉਣਾ ਸ਼ੁਰੂ ਕਰ ਦਿੱਤਾ ਫਿਰ ਥੋੜ੍ਹੀ ਦੂਰੀ ’ਤੇ 4 ਤੋਂ 5 ਹੋਰ ਵਾਹਨ ਆਪਸ ਵਿਚ ਟਕਰਾਅ ਗਏ। ਇਸ ਦੌਰਾਨ ਕੁਝ ਦੂਰੀ ’ਤੇ ਇੱਕ ਹੋਰ ਹਾਦਸਾ ਵਾਪਰ ਗਿਆ ਅਤੇ ਕੁਝ ਵਾਹਨ ਆਪਸ ਵਿੱਚ ਟਕਰਾਅ ਗਏ। ਇਸ ਵਾਰ ਸਰਦੀਆਂ ਦੀ ਸ਼ੁਰੂਆਤ ’ਚ ਖੰਨਾ ’ਚ 3 ਕਿਲੋਮੀਟਰ ਦੇ ਖੇਤਰ ’ਚ 100 ਤੋਂ ਵੱਧ ਵਾਹਨ ਆਪਸ ’ਚ ਟਕਰਾਅ ਗਏ ਹਾਲਾਂਕਿ ਇਸ ਮੌਕੇ ਜਾਨੀ ਨਕਸਾਨ ਤੋਂ ਬਚਾਅ ਰਿਹਾ ਸੀ। ਇਸ ਤੋਂ ਬਾਅਦ ਸੀਐਮ ਭਗਵੰਤ ਮਾਨ ਨੇ ਖ਼ੁਦ ਟਵੀਟ ਕਰਕੇ ਦੁੱਖ ਪ੍ਰਗਟ ਕੀਤਾ ਅਤੇ ਪੁਲਿਸ ਨੂੰ ਪ੍ਰਬੰਧ ਕਰਨ ਲਈ ਕਿਹਾ। ਇਸ ਨੂੰ ਮੁੱਖ ਰੱਖਦਿਆਂ ਪੁਲਿਸ ਨੇ ਕੋਈ ਦੇਰੀ ਨਹੀਂ ਕੀਤੀ। ਐਸਪੀ (ਐਚ) ਗੁਰਪ੍ਰੀਤ ਕੌਰ ਪੁਰੇਵਾਲ, ਡੀਐਸਪੀ ਨਿਖਿਲ ਗਰਗ, ਟਰੈਫਿਕ ਇੰਚਾਰਜ ਹਰਦੀਪ ਸਿੰਘ, ਐਸਐਚਓ ਵਿਜੇ ਕੁਮਾਰ, ਐਸਐਚਓ ਸੰਤੋਖ ਸਿੰਘ ਪੁਲੀਸ ਫੋਰਸ ਸਮੇਤ ਮੌਕੇ ’ਤੇ ਪੁੱਜੇ। ਹਾਦਸਾਗ੍ਰਸਤ ਵਾਹਨਾਂ ਨੂੰ ਨੈਸ਼ਨਲ ਹਾਈਵੇ ਤੋਂ ਹਟਾਇਆ ਗਿਆ।

## ਧੁੰਦ ਦੇ ਚੱਲਦਿਆਂ ਵਾਪਰਿਆ ਇਕ ਹੋਰ ਹਾਦਸਾ, ਪੰਜਾਬ ਰੋਡਵੇਜ਼ ਦੀ ਬੱਸ ਨਹਿਰ ’ਚ ਪਲਟੀ


**ਅੰਮ੍ਰਿਤਸਰ, 18 ਜਨਵਰੀ (ਆਵਾਜ਼ਿ ਕੌਮ ਬਿਊਰੋ)**- ਪੰਜਾਬ ’ਚ ਇਕ ਵਾਰ ਫਿਰ ਧੁੰਦ ਦੇ ਚੱਲਦਿਆਂ ਵੱਡਾ ਹਾਦਸਾ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਦੱਸ ਦੇਈਏ ਹਾਦਸਾ ਇੰਨਾ ਭਿਆਨਕ ਸੀ ਕਿ ਪੰਜਾਬ ਰੋਡਵੇਜ਼ ਪੱਟੀ ਡੀਪੂ ਦੀ ਬੱਸ ਅੰਮ੍ਰਿਤਸਰ ਚੱਬੇ ਦੇ ਕੋਲ ਗੁਰਦੁਆਰਾ ਬਾਬਾ ਨੌਧ ਸਿੰਘ ਨੇੜੇ ਨਹਿਰ ਵਿਚ ਪਲਟ ਗਈ ਹੈ। ਜਿਸ ਨੂੰ ਲੈ ਕੇ ਸਵਾਰੀਆਂ ਤੇ ਆਉਣ-ਜਾਣ ਵਾਲੇ ਲੋਕਾਂ ’ਚ ਚੀਕ-ਚਿਹਾੜਾ ਮੱਚ ਗਿਆ। ਹਾਲਾਂਕਿ ਸਵਾਰੀਆਂ ਦਾ ਬਚਾਅ ਹੋ ਗਿਆ ਹੈ। ਜਾਣਕਾਰੀ ਮੁਤਾਬਕ ਜਦੋਂ ਇਹ ਹਾਦਸਾ ਵਾਪਰਿਆ ਸੀ ਤਾਂ ਬੱਸ ਪੱਟੀ ਤੋਂ ਅੰਮ੍ਰਿਤਸਰ ਜਾ ਰਹੀ ਸੀ। ਧੁੰਦ ਜ਼ਿਆਦਾ ਹੋਣ ਕਾਰਨ ਬੱਸ ਗੁਰਦੁਆਰਾ ਬਾਬਾ ਨੌਧ ਸਿੰਘ ਨੇੜੇ ਨਹਿਰ ਵਿਚ ਪਲਟ ਗਈ ਹੈ। ਜਿਸ ’ਚ ਜਾਨੀ ਨੁਕਸਾਨ ਹੋਣ ਦਾ ਬਚਾਅ ਰਿਹਾ ਪਰ ਲੋਕਾਂ ’ਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਅਵਤਾਰ ਪੁਰਬ

ਦਸਵੇਂ ਪਾਤਸ਼ਾਹ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

ਚੁਪਹਿਰੇ ਦੇ ਪਾਠਾਂ ਦੀ ਅਰੰਭਤਾ ਹਰ ਐਤਵਾਰ 6:30 ਤੋਂ 9:30 ਵਜ਼ੇ ਤੱਕ ਇਸ ਭੋਗ ਪੈਣ ਉਪਰੰਤ ਦੀਵਾਨ ਸੱਜਣਗੇ

ਬੁੱਧਵਾਰ 17 ਜਨਵਰੀ ਸ਼ਾਮ ਨੂੰ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ

• ਸ਼ਨੀਵਾਰ 20 ਜਨਵਰੀ 2024 ਸ਼ਾਮ 5 ਵਜੇ ਤੋਂ 8 ਵਜੇ ਤੱਕ ਦੀਵਾਨ ਸਜਣਗੇ। • ਐਤਵਾਰ 21 ਜਨਵਰੀ 10 ਵਜੇ ਤੋਂ 12:30 ਦੀਵਾਨ ਸਜਣਗੇ।

ਕਥਾ ਵਾਚਕ ਗਿਆਨੀ ਜਾਨਪਾਲ ਸਿੰਘ ਜੀ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

• ਗੁਰੂ ਕਾ ਲੰਗਰ ਅਤੁੱਟ ਵਰਤੇਗਾ • ਸਟਾਲ ਵੀ ਲੱਗਣਗੇ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☚ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ। ਆਪਣਾ ਕੀਮਤੀ ਸਮਾਂ ਕੱਢਕੇ ਸ਼ਹੀਦੀ ਅਸਥਾਨ ਤੇ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

## ਵੇਲਜ਼ ਦੀ ਰਾਜਕੁਮਾਰੀ ਨੂੰ ਹਸਪਤਾਲ ਵਿੱਚ ਕਰਵਾਇਆ ਗਿਆ ਭਰਤੀ



**ਲੰਡਨ, 18 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਬ੍ਰਿਟੇਨ ਦੀ ਰਾਜਕੁਮਾਰੀ ਆਫ ਵੇਲਜ਼ ਕੇਟ ਨੂੰ ਲੰਡਨ ਦੇ ਇੱਕ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਕੇਨਸਿੰਗਟਨ ਪੈਲੇਸ ਨੇ ਬੁੱਧਵਾਰ ਨੂੰ ਦੱਸਿਆ ਕਿ ਪੇਟ ਦੀ ਸਰਜਰੀ ਸਫਲ ਰਹੀ ਹੈ ਅਤੇ ਉਹ ਦੋ ਹਫਤੇ ਤੱਕ ਹਸਪਤਾਲ ‘ਚ ਰਹੇਗੀ।ਕੇਨਸਿੰਗਟਨ ਪੈਲੇਸ ਨੇ ਅਧਿਕਾਰਤ ਬਿਆਨ ਜਾਰੀ ਕਰਕੇ ਕਿਹਾ ਕਿ ਵੇਲਜ਼ ਦੀ ਰਾਜਕੁਮਾਰੀ ਦੇ ਪੇਟ ਦੀ ਸਰਜਰੀ ਹੋਈ ਹੈ। ਉਹ ਦੋ ਹਫ਼ਤਿਆਂ ਤੱਕ ਹਸਪਤਾਲ ਵਿੱਚ ਰਹੇਗੀ। ਬਿਆਨ ਵਿੱਚ ਕਿਹਾ ਗਿਆ ਹੈ ਕਿ ਬ੍ਰਿਟਿਸ਼ ਗੱਦੀ ਦੇ ਵਾਰਸ ਪ੍ਰਿੰਸ ਆਫ ਵੇਲਜ਼ ਵਿਲੀਅਮ ਦੀ 42 ਸਾਲਾ ਪਤਨੀ ਨੂੰ ਮੰਗਲਵਾਰ ਨੂੰ ਕੇਂਦਰੀ ਲੰਡਨ ਦੇ ਇੱਕ ਨਿੱਜੀ ਕਲੀਨਿਕ ਵਿੱਚ ਦਾਖਲ ਕਰਵਾਇਆ ਗਿਆ ਸੀ। ਸਰਜਰੀ ਸਫਲ ਰਹੀ ਅਤੇ ਘਰ ਪਰਤਣ ਤੋਂ ਪਹਿਲਾਂ ਉਨ੍ਹਾਂ ਦੇ ਦਸ ਤੋਂ ਚੌਦਾਂ ਦਿਨ ਹਸਪਤਾਲ ਵਿਚ ਰਹਿਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਰਾਜਕੁਮਾਰੀ ਦੇ ਈਸਟਰ (31 ਮਾਰਚ) ਤੋਂ ਬਾਅਦ ਜਨਤਕ ਡਿਊਟੀਆਂ ‘ਤੇ ਵਾਪਿਸ ਆਉਣ ਦੀ ਸੰਭਾਵਨਾ ਬਹੁਤ ਘੱਟ ਹੈ।

ਆਵਾਜ਼ਿ ਕੌਮ
Daily Newspaper from U.K.
Publisher/Chief Editor
***Raghbir Singh Walsal***
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243




ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ ’ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

24 SERVICE EVERYDAY HOURS
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
Khehra
VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.
Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad
V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment

## ਪੰਜਾਬੀ

ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

Love Maa Boli Punjabi

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

ਮੁਕਤਾ
ਾ ਕੰਨਾ
ਿ ਸਿਹਾਰੀ
ੀ ਬਿਹਾਰੀ
ੁ ਔਂਕੜ
ੂ ਦੁਲੈਂਕੜ
ੇ ਲਾਂ
ੈ ਦੁਲਾਵਾਂ
ੋ ਹੋੜਾ
ੌ ਕਨੌੜਾ
ੰ ਟਿੱਪੀ
ਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

Learn Speak Read Write PUNJABI

# ਮਿਸਾਲਾਂ ਹਨ ਚਾਰ, ਸੁਣਿਉਂ 'ਭਰਦਾਨ' ਬਰਖ਼ੁਰਦਾਰ !

ਵੈਸੇ ਇਹ ਲਿਖਤ ਦੇਸ ਵਿਦੇਸ਼ ਦੇ ਕਈ ਅਖਬਾਰਾਂ ਵਿੱਚ ਛਪ ਗਈ ਹੈ ਪਰ ਕੁੱਝ ਦੋਸਤਾਂ ਦੇ ਕਹੇ ਤੋਂ ਇੱਥੇ ਵੀ ਪੇਸ਼ ਕਰ ਰਿਹਾ ਹਾਂ ਜੀ ! *

ਕਰਕੇ ਧਿਆਨ,ਪੜ੍ਹ ਲਵੇ 'ਭਰਦਾਨ' !

ਸ਼ੁਰੂ ਵਿੱਚ ਥੋੜਾ ਜਿਹਾ ਨਿਜੀ ਵੇਰਵਾ ਇਸ ਕਰਕੇ ਦੇ ਰਿਹਾਂ ਕਿਉਂਕਿ ਅਜੋਕੇ 'ਬਾਦਲ ਦਲ' ਨੂੰ ਜੇ ਮੁੜ ਸ਼੍ਰੋਮਣੀ ਅਕਾਲੀ ਦਲ ਬਣਾਉਣ ਵਾਸਤੇ ਕੋਈ ਸਿਧਾਂਤਕ ਸਲਾਹ ਦੇਵੇ ਤਾਂ ਬਾਦਲ ਦਲੀਏ ਉਹਦੇ 'ਤੇ ਕਾਂਗਰਸੀ ਹੋਣ ਦਾ 'ਲੇਬਲ' ਝੱਟਪਟ ਚੇਪ ਦਿੰਦੇ ਹਨ! ਮੈਂ ਓਸ ਕੱਟੜ ਅਕਾਲੀ ਬਾਪ ਦਾ ਪੁੱਤ ਹਾਂ ਜੋ ਮਾਸਟਰ ਤਾਰਾ ਸਿੰਘ ਹੁਣਾ ਦੇ ਸਮੇਂ ਅਕਾਲੀ ਦਲ ਦਾ ਨਵਾਂ ਸ਼ਹਿਰ ਤਹਿਸੀਲ ਤੋਂ 'ਡੈਲੀਗੇਟ' ਹੋਣ ਨਾਤੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਸਾਈਕਲ 'ਤੇ ਜਾਂਦਾ ਹੁੰਦਾ ਸੀ ਦਲ ਦੇ ਪ੍ਰਧਾਨ ਦੀ ਚੋਣ ਮੌਕੇ। ਜਮ੍ਹਾਂਦਰੂ ਅਕਾਲੀ ਹੋਣ ਨਾਤੇ ਮੈਂ ਸ਼੍ਰੋਮਣੀ ਕਮੇਟੀ ਦਾ ਮੈਂਬਰ ਵੀ ਰਿਹਾ ਹਾਂ !ਕਹਿਣ ਦਾ ਮਤਲਬ ਕਿ ਅਕਾਲੀ ਦਲ ਦਾ ਸ਼ੁੱਭਚਿੰਤਕ ਹਾਂ ਵਿਰੋਧੀ ਨਹੀਂ!




ਆਵਾਜ਼ਿ ਕੌਮ AWAZE QAUM International Newspaper & WEB TV

ਮਿਸਾਲ ਪਹਿਲੀ-ਮੇਰੇ ਬਾਪ ਵਰਗੇ ਹੀ ਅਕਾਲੀ ਇੱਕ ਬਜ਼ੁਰਗ ਦਾ ਬੇਟਾ ਮੇਰਾ ਦੋਸਤ ਹੈ ਮੇਰੇ ਵਾਂਗ ਹੀ ਉਹ ਪੰਜਾਬ ਵਿਧਾਨ ਸਭਾ ਦੀ ਹੋਈ ਚੋਣ ਮੌਕੇ 'ਆਪ' ਦਾ ਹਮਾਇਤੀ ਸੀ! ਫੇਸ-ਬੁੱਕ 'ਤੇ ਪਾਈ ਇੱਕ ਪੋਸਟ ਵਿੱਚ ਉਸਨੇ ਲਿਖਿਆ ਕਿ ਜੇ ਸਵਰਗਾਂ 'ਚ ਗਏ ਮੇਰੇ ਬਾਪ ਨੂੰ ਪਤਾ ਲੱਗ ਜਾਵੇ ਕਿ ਮੈਂ ਅਕਾਲੀ ਦਲ ਦੇ ਖਿਲਾਫ ਹਾਂ,ਤਾਂ ਉਹ ਗੁੱਸੇ 'ਚ ਡਾਂਗ ਲੈ ਕੇ ਮੇਰੇ ਦੁਆਲ਼ੇ ਹੋ ਜਾਵੇ! ਪਰ ਜਦ ਉਹ ਦੇਖੇ ਕਿ ਹੁਣ ਅਕਾਲੀ ਦਲ 'ਕੀ ਤੋਂ ਕੀ' ਬਣਿਆਂ ਹੋਇਆ ਹੈ ਤਾਂ ਉਹ ਮੈਨੂੰ ਛੱਡ ਕੇ ਉਹੀ ਡਾਂਗ ਲੈ ਕੇ ਬਾਦਲ ਟੱਬਰ ਮਗਰ ਸਿੱਧਾ ਹੋ ਜਾਵੇ !

ਮਿਸਾਲ ਦੂਜੀ- ਜਦੋਂ ਮਨਪ੍ਰੀਤ ਸਿੰਘ ਬਾਦਲ ਨਵੀਂ ਪਾਰਟੀ 'ਪੀ.ਪੀ.ਪੀ' ਬਣਾ ਕੇ ਪ੍ਰਵਾਸੀਆਂ ਦਾ ਸਹਿਯੋਗ ਲੈਣ ਹਿਤ ਅਮਰੀਕਾ ਗਿਆ ਤਾਂ ਉੱਥੇ ਨਿਊਯਾਰਕ ਵਿਖੇ ਇੱਕ ਪ੍ਰਭਾਵਸ਼ਾਲੀ ਇਕੱਠ ਵਿੱਚ ਉਸਨੇ ਆਪਣੀ ਪਾਰਟੀ ਦੇ ਏਜੰਡੇ ਬਾਰੇ ਸ਼ਾਨਦਾਰ ਲੈਕਚਰ ਦਿੱਤਾ। ਬਾਅਦ ਵਿੱਚ ਇੱਕ ਪੰਜਾਬੀ ਮੁੰਡਾ ਸਟੇਜ 'ਤੇ ਜਾ ਕੇ ਕਹਿੰਦਾ-'ਮਨਪ੍ਰੀਤ ਜੀ ਪੰਜਾਬ ਲਈ ਤੁਹਾਡਾ ਦਰਦ ਅਤੇ ਤੁਹਾਡੀਆਂ ਭਵਿੱਖੀ ਯੋਜਨਾਵਾਂ ਸੁਣਕੇ ਅਸੀਂ ਬੇਹੱਦ ਪ੍ਰਭਾਵਤ ਹੋਏ ਹਾਂ। ਤੁਹਾਡਾ ਏਜੰਡਾ ਸੁਣ ਕੇ ਤਾਂ ਅਸੀਂ ਬਾਗੋ ਬਾਗ ਹੋ ਗਏ ਹਾਂ ਪਰ ਜਦ ਤੁਹਾਡੇ ਨਾਂ ਪਿੱਛੇ ਲੱਗੇ 'ਬਾਦਲ' ਸ਼ਬਦ ਵੱਲ੍ਹ ਨਜ਼ਰ ਜਾਂਦੀ ਹੈ ਤਾਂ ਉਦੇ ਈ ਸਾਡੇ ਦਿਲ ਨੂੰ ਡੋਬੂ ਪੈਣ ਲਗਦੇ ਹਨ ! ਇਹ ਉਪ-ਨਾਮ ਸੁਣਕੇ ਸਾਨੂੰ ਝੁਣਝੁਣੀ ਛਿੜਦੀ ਐ !!

ਮਿਸਾਲ ਤੀਜੀ-ਇੱਕ ਸਮੇਂ ਸਵਰਗੀ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਕਾਲੀ ਦਲ ਦੀ ਪ੍ਰਧਾਨਗੀ ਦਾ ਅਹੁਦਾ ਨਹੀਂ ਸਨ ਛੱਡ ਰਹੇ। ਵੱਡੇ ਬਾਦਲ ਸੰਤ ਲੌਂਗੋਵਾਲ ਨੂੰ ਪ੍ਰਧਾਨ ਬਣਾਉਣਾ ਚਾਹੁੰਦੇ ਸਨ ਪਰ ਤਲਵੰਡੀ ਜੀ ਅਹੁਦੇ ਨਾਲ ਸੁਖਬੀਰ ਬਾਦਲ ਵਾਂਗ ਚਿੰਬੜੇ ਬੈਠੇ ਸਨ ਉਦੋਂ ਬਜ਼ੁਰਗ ਬਾਦਲ ਨੇ ਤਲਵੰਡੀ ਹੁਣਾ ਨੂੰ ਟਿੱਚਰ ਕੀਤੀ ਸੀ ਅਖੇ ਤਲਵੰਡੀ ਸਾਬ੍ਹ ਜੇ ਤੁਹਾਥੋਂ ਪ੍ਰਧਾਨਗੀ ਛੱਡ ਨਹੀਂ ਹੁੰਦੀ ਤੁਹਾਨੂੰ ਇਹ ਏਨੀ ਹੀ ਪਿਆਰੀ ਲਗਦੀ ਐ ਤਾਂ ਤੁਹਾਡਾ ਨਾਂ ਹੀ 'ਭਰਧਾਨ ਸਿੰਘ' ਰੱਖ ਦੇਨੇ ਆਂ !

ਮਿਸਾਲ ਚੌਥੀ-ਗੁਰਬਾਣੀ ਵਿੱਚ ਵੀ ਇੱਕ ਅਜਿਹਾ ਸਲੋਕ ਆਉਂਦਾ ਹੈ (ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ) ਭਾਵ ਕਿ ਕਸਾਈ ਦੇ ਵਿਹੜੇ ਵਿਚਲੇ ਖੁੰਡੇ ਨਾਲ ਬੰਨ੍ਹੀਂ ਹੋਈ ਬੱਕਰੀ ਨੂੰ ਭਾਵੇਂ ਕੰਦ ਮੂਲ਼ ਖਿਲ਼ਾਈ ਜਾਵੋ ਉਹਨੂੰ ਖਾਧੀ ਹੋਈ ਕੋਈ ਖੁਰਾਕ ਬਿਲਕੁਲ ਵੀ ਨਹੀਂ ਲਗਦੀ ਹੁੰਦੀ ਸਗੋਂ ਉਹ ਦਿਨ-ਬ-ਦਿਨ ਕਮਜ਼ੋਰ ਹੋਈ ਜਾਂਦੀ ਐ ! ਸੋ ਜੇ ਉਹਦਾ ਦੁੱਧ ਪੀਣਾ ਹੋਵੇ ਤਾਂ ਵੰਨ ਸੁਵੰਨੀਆਂ ਖੁਰਾਕਾਂ ਦੇਣ ਦੀ ਬਜਾਏ ਸਭ ਤੋਂ ਪਹਿਲਾਂ ਉਹਨੂੰ ਕਸਾਈ ਦੇ ਖੁੰਡੇ ਨਾਲ਼ੋਂ ਖੋਲ੍ਹਣਾ ਚਾਹੀਦਾ ਐ ਤਦੇ ਹੀ ਉਹ 'ਰਾਜੀ ਬਾਜੀ' ਤਕੜੀ ਹੋ ਕੇ ਦੁੱਧ ਦੇ ਸਕਦੀ ਹੈ !

ਤਰਲੋਚਨ ਸਿੰਘ ਦੁਪਾਲਪੁਰ
78146-92724
tsdupalpuri@yahoo.com








ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ



ਰੰਧਾਵਾ ਪਗੜੀ ਸੈਂਟਰ



ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
☬ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446



ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote




## ਦਿੱਲੀ ਮੋਰਚੇ ਦੇ ਐਲਾਨ ਨੂੰ ਵੱਡਾ ਹੁੰਗਾਰਾ, 18 ਉੱਤਰ ਭਾਰਤੀ ਕਿਸਾਨ ਮਜਦੂਰ ਜਥੇਬੰਦੀਆਂ ਦੇ ਫ਼ੋਰਮ ਨੂੰ ਕੇਰਲ ਤੋਂ 17 ਅਤੇ ਤਾਮਿਲਨਾਡੂ ਤੋਂ

# 52 ਜਥੇਬੰਦੀਆਂ ਦਾ ਮਿਲਿਆ ਸਮਰਥਨ




**ਚੰਡੀਗੜ੍ਹ, 18 ਜਨਵਰੀ (ਆਵਾਜ਼ਿ ਕੌਮ ਬਿਊਰੋ)-** 13 ਫਰਵਰੀ ਨੂੰ ਸ਼ੁਰੂ ਹੋਣ ਜਾ ਰਹੇ ਦਿੱਲੀ ਅੰਦੋਲਨ ਦੀਆਂ ਤਿਆਰੀਆਂ ਪੂਰੇ ਭਾਰਤ ਵਿਆਪਕ ਰੂਪ ਲੈ ਰਹੀਆਂ ਹਨ ਜਿਸਦੇ ਚਲਦੇ 18 ਉੱਤਰ ਭਾਰਤੀ ਕਿਸਾਨ ਮਜਦੂਰ ਜਥੇਬੰਦੀਆਂ ਵੱਲੋਂ ਤਿਆਰੀਆਂ ਦੇ ਭਾਰਤ ਦੌਰੇ ਤੇ ਚਲ ਰਹੇ ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਆਗੂ ਸਰਵਣ ਸਿੰਘ ਪੰਧੇਰ ਵੱਲੋਂ ਤੂਫ਼ਾਨੀ ਦੌਰਾ ਕੀਤਾ ਜਾ ਰਿਹਾ ਹੈ ਜਿਸ ਤਹਿਤ ਹਰਿਆਣਾ ਉਤਰਪਰਦੇਸ਼, ਬਿਹਾਰ ਮਗਰੋਂ ਹੁਣ ਤਾਮਿਲਨਾਡੂ ਦੀਆਂ 52 ਜਥੇਬੰਦੀਆਂ ਵੱਲੋਂ ਪੁਦੁਕੋਟੀ ਵਿੱਚ ਮੀਟਿੰਗ ਕਰਕੇ ਦਿੱਲੀ ਅੰਦੋਲਨ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਦਾ ਐਲਾਨ ਕੀਤਾ ਗਿਆ ਹੈ ਜਿਸ ਸਦਕਾ 18 ਉੱਤਰ ਭਾਰਤੀ ਜਥੇਬੰਦੀਆਂ ਦੇ ਫੋਰਮ ਦੇ ਯਤਨਾਂ ਨੂੰ ਵੱਡਾ ਬਲ ਮਿਲਿਆ ਹੈ। ਮਿਸਟਰ ਜੌਹਨ ਪ੍ਰਧਾਨ ਔਰਗੈਨਿਕ ਫਾਰਮਰਜ਼ ਐਸੋਸੀਏਸ਼ਨ ਕੇਰਲਾ ਸਮੇਤ ਕੇਰਲ ਤੋਂ 16 ਜਥੇਬੰਦੀਆਂ ਵੱਲੋਂ ਮੋਰਚੇ ਨੂੰ ਸਫ਼ਲ ਬਣਾਉਣ ਲਈ ਸਮਰਥਨ ਕਰਨ ਦਾ ਐਲਾਨ ਕੀਤਾ ਗਿਆ। ਇਸ ਮੌਕੇ ਜੀ.ਐਸ. ਸਟੇਟ ਜਨਰਲ ਸਕੱਤਰ ਭਾਰਤੀ ਕ੍ਰਿਸ਼ਕ ਸਮਾਜ ਪੁਦੂਕੋਟੀ ਤਾਮਿਲਨਾਡੂ, ਵੀ ਕੇ ਐਸ ਕੇ ਸੇਂਠੀਲਕੁਮਾਰ ਕੋਇੰਬਟੂਰ ਤਾਮਿਲਨਾਡੂ, ਸੰਦਲ ਕੁਮਾਰ, ਡਾਕਟਰ ਕੱਪੂ ਸਵਾਮੀ, ਬਾਲ ਤ੍ਰਿਸ਼ਦਿਰ, ਨਰਾਇਣ ਸਵਾਮੀ, ਐਡ. ਗੁਰੂ ਸਵਾਮੀ, ਰਾਜਵਿੰਦਰ ਸਿੰਘ ਗੋਲਡਨ, ਸਰਵਣ ਸਿੰਘ ਪੰਧੇਰ, ਗੁਰਮੀਤ ਮਾਂਗਟ ਮਜੂਦ ਰਹੇ।

## ਭਾਰਤੀ ਕਿਸਾਨ ਯੂਨੀਅਨ ਖੋਸਾ ਦੀ ਉੱਚ ਪੱਧਰੀ ਮੀਟਿੰਗ ਫਿਰੋਜ਼ਪੁਰ ਸਾਰਾਗੜੀ ਵਿਖੇ—ਫਤਿਹ ਸਿੰਘ ਕੋਟ ਕਰੋੜ ਮਨਜੀਤ ਸਿੰਘ ਔਲਖ



ਫ਼ਿਰੋਜ਼ਪੁਰ, 18 ਜਨਵਰੀ (ਮਨੋਹਰ ਲਾਲ) :— ਭਾਰਤੀ ਕਿਸਾਨ ਯੂਨੀਅਨ ਖੋਸਾ ਰਜਿ ਪੰਜਾਬ ਭਾਰਤ ਦੀਆਂ ਲੜੀਵਾਰ ਸਾਰੇ ਪੰਜਾਬ ਅੰਦਰ ਲਗਾਤਾਰ ਮੀਟਿੰਗਾਂ ਚੱਲ ਰਹੀਆਂ ਹਨ, ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਫਤਿਹ ਸਿੰਘ ਕੋਟ ਕਰੋੜ ਸੀਨੀਅਰ ਮੀਤ ਪ੍ਰਧਾਨ ਪੰਜਾਬ, ਭਗਵਾਨ ਸਿੰਘ ਦੜਿਆਲਾ, ਹਰਭਜਨ ਸਿੰਘ ਦੜਿਆਲਾ, ਮਨਜੀਤ ਸਿੰਘ ਔਲਖ ਸੂਬਾ ਮੀਤ ਪ੍ਰਧਾਨ ਪੰਜਾਬ ਨੇ ਦੱਸਿਆ ਕਿ ਗੁਰੂਦੁਆਰਾ ਫਿਰੋਜ਼ਪੁਰ ਵਿਖੇ ਸੁਖਜਿੰਦਰ ਸਿੰਘ ਖੋਸਾ ਕੌਮੀ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਖੋਸਾ ਅਤੇ ਸੀਨੀਅਰ ਲੀਡਰਸ਼ਿਪ ਆ ਰਹੀ ਹੈ, ਇਸ ਮੀਟਿੰਗ ਵਿਚ ਕਈ ਅਹਿਮ ਮੁੱਦਿਆਂ ਤੇ ਵਿਚਾਰ ਚਰਚਾ ਕੀਤੀ ਜਾਵੇਗੀ ਅਤੇ ਇਸ ਮੀਟਿੰਗ ਵਿਚ ਆਪੋ—ਆਪਣੇ ਸੁਝਾਅ ਦੇਣ ਲਈ ਅਤੇ ਸੀਨੀਅਰ ਲੀਡਰਸ਼ਿਪ ਦੇ ਵਿਚਾਰ ਸੁਣਨ ਲਈ ਆਪ ਸਭ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਦਾ ਹੈ। ਉਨ੍ਹਾਂ ਕਿਹਾ ਕਿ ਇਸ ਮੀਟਿੰਗ ਵਿਚ ਕੌਮੀ ਪ੍ਰਧਾਨ ਖੋਸਾ ਵੱਲੋ ਕਿਸਾਨੀ ਮੁੱਦਿਆਂ ਤੇ ਜੋ ਪਿੱਛਲੇ ਕਈ ਸਾਲਾ ਤੋ ਲੰਮਕਦੇ ਆ ਰਹੇ ਹਨ ਖੁੱਲ ਕੇ ਵਿਚਾਰ ਚਰਚਾ ਕੀਤੀ ਜਾਵੇਗੀ। ਇਸ ਮੌਕੇ ਦਲੀਪ ਸਿੰਘ ਐਸ.ਡੀ.ਉ ਸਾਹਬ, ਉਡੀਕ ਸਿੰਘ ਕੁੰਡੇ, ਗਗਨਦੀਪ ਸਿੰਘ ਚਾਵਲਾ, ਬਲਵੀਰ ਸਿੰਘ ਕੁੰਡੇ, ਸਮਸ਼ੇਰ ਸਿੰਘ ਕਲਸੀ, ਸਰਬਜੀਤ ਸਿੰਘ ਜੱਬਲ, ਪਰਮਜੀਤ ਸਿੰਘ ਭੁੱਲਰ ਜਿਲਾ ਪ੍ਰਧਾਨ ਫਿਰੋਜਪੁਰ, ਚਰਨਜੀਤ ਸਿੰਘ ਗਿੱਲ ਬਲਾਕ ਪ੍ਰਧਾਨ ਫਿਰੋਜਪੁਰ, ਬਿਕਰਮਜੀਤ ਸਿੰਘ ਬਲਾਕ ਪ੍ਰਧਾਨ ਘੱਲ ਖੁਰਦ, ਗੁਰਨਾਮ ਸਿੰਘ ਬਲਾਕ ਪ੍ਰੈਸ ਸਕੱਤਰ ਘੱਲ ਖੁਰਦ, ਪੁਸ਼ਪਿੰਦਰ ਸਿੰਘ ਝੋਕ ਹਰੀ ਹਰ ਜਿਲਾ ਆਗੂ, ਅਮਰੀਕ ਸਿੰਘ ਝੋਕ ਜਿਲਾ ਆਗੂ, ਗੁਰਦੀਪ ਸਿੰਘ ਮੀਤ ਪ੍ਰਧਾਨ ਬਲਾਕ ਫਿਰੋਜ਼ਪੁਰ, ਸਰਵਣ ਸਿੰਘ ਬਾਜ਼ੀਦਪੁਰ, ਦਰਸ਼ਨ ਸਿੰਘ, ਗੁਰਦੇਵ ਸਿੰਘ, ਮਨਪ੍ਰੀਤ ਸਿੰਘ ਬਲਾਕ ਜਰਨਲ ਸਕੱਤਰ ਫਿਰੋਜ਼ਪੁਰ, ਗੁਰਪ੍ਰੀਤ ਸਿੰਘ ਬਾਜ਼ੀਦਪੁਰ, ਨਿਸ਼ਾਨ ਸਿੰਘ ਇਕਾਈ ਪ੍ਰਧਾਨ ਮਲਵਾਲ, ਜੁਝਾਰ ਸਿੰਘ ਨੰਬਰਦਾਰ, ਸੁਰਜੀਤ ਸਿੰਘ ਸੱਗੂ ਆਦਿ ਆਗੂ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸ਼ਰਧਾ ਭਾਵਨਾ ਨਾਲ ਮਨਾਇਆ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਗੁਰਪੁਰਬ





**ਫ਼ਿਰੋਜ਼ਪੁਰ, 18 ਜਨਵਰੀ (ਮਨੋਹਰ ਲਾਲ)** :— ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਗੁਰਪੁਰਬ ਗੁਰਦੁਆਰਾ ਮਾਈ ਰਾਮ ਦੇਵੀ ਜੀ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਗਿਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਗੁਰਪੁਰਬ ਦੀਆਂ ਪਰ ਬਾਤ ਫੇਰੀਆਂ ਸੱਤ ਤਰੀਕ ਤੋਂ ਲੈ ਕੇ 17 ਤਰੀਕ ਤੱਕ ਕੱਢੀਆਂ ਗਈਆਂ। ਉਨ੍ਹਾਂ ਕਿਹਾ ਕਿ 17 ਤਰੀਕ ਨੂੰ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਸੇਵਾ ਸ੍ਰੀ ਗੁਲਸ਼ਨ ਉਪਲ ਪਰਿਵਾਰ ਵੱਲੋਂ ਕੀਤੀ ਗਈ। ਸ੍ਰੀ ਸੁਖਮਨੀ ਸਾਹਿਬ ਪਾਠ ਉਪਰੰਤ ਭਾਈ ਅਵਤਾਰ ਸਿੰਘ ਜੀ ਫੌਜੀ ਬੀਬੀ ਕੁਲਤਾਰ ਕੌਰ ਅਤੇ ਅਰਸ਼ਦੀਪ ਕੌਰ ਵੱਲੋਂ ਸ਼ਬਦ ਕੀਰਤਨ ਗਾਇਨ ਕੀਤਾ ਗਿਆ। ਭਾਈ ਅਵਤਾਰ ਸਿੰਘ ਜੀ ਫੌਜੀ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਜੀਵਨ ਬਾਰੇ ਕਥਾ ਵਿਚਾਰ ਕੀਤੀ। ਸਾਰੇ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਾਇਆ ਗਿਆਫ਼ ਅਖੀਰ ਵਿੱਚ ਗੁਰਦੁਆਰਾ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਹਰਜੀਤ ਸਿੰਘ ਜੀ ਵੱਲੋਂ ਗੁਰੂ ਸਾਹਿਬ ਜੀ ਦੇ ਅਵਤਾਰ ਗੁਰਪੁਰਬ ਦੀਆਂ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਗੁਰੂ ਸਾਹਿਬ ਜੀ ਦਾ ਅਤੇ ਆਈਆਂ ਹੋਈਆਂ ਸੰਗਤਾਂ ਦਾ ਭਾਈ ਸਾਹਿਬ ਨੇ ਧੰਨਵਾਦ ਕੀਤਾਫ਼ ਜਿਸ ਵਿੱਚ ਹੇਠ ਲਿਖੇ ਮੈਂਬਰ ਸਾਹਿਬਾਨ ਅਤੇ ਸੰਗਤਾਂ ਹਾਜ਼ਰ ਸਨ। ਇਸ ਮੌਕੇ ਪ੍ਰਧਾਨ ਹਰਜੀਤ ਸਿੰਘ, ਪਸ਼ਵਿੰਦਰ ਸਿੰਘ, ਪਾਪੜਾਂ ਵਾਲੇ, ਮੋਹਨ ਸਿੰਘ, ਸਰਬਜੀਤ ਸਿੰਘ ਪਾਪੜਾਂ ਵਾਲੇ, ਸੋਨੂ ਬਾਵਾ ਐਨ ਵਧਵਾ, ਸੀਨੀਅਰ ਮੀਤ ਪ੍ਰਧਾਨ ਹਰਦੀਪ ਸਿੰਘ ਭੱਲਾ, ਬੀਬੀ ਜਸਵੰਤ ਕੌਰ, ਨੀਤਾ ਉਪਲ, ਬਲਵਿੰਦਰ ਕੌਰ, ਮਨਜੀਤ ਕੌਰ, ਨੀਰੂ ਚਾਨਣਾ, ਨੀਰੂ ਵਧਵਾ, ਸੁਨੀਤਾ ਅਰੋੜਾ, ਸ਼ੇਰ, ਜਗਜੀਤ ਸਿੰਘ ਅਤੇ ਹੋਰ ਗੁਰੂ ਕੀਆਂ ਸੰਗਤਾਂ ਨੇ ਵੱਧ ਚੜ ਕੇ ਗੁਰੂ ਸਾਹਿਬ ਜੀ ਦੇ ਅਵਤਾਰ ਗੁਰੂਪੁਰਬ ਤੇ ਹਾਜ਼ਰੀਆਂ ਭਰੀਆਂ।

ਮਾਡਰਨ ਕਾਲਜ ਆਫ ਐਜੂਕੇਸ਼ਨ ਸ਼ੇਰਗੜ੍ਹ ਚੀਮਾ ਵਿਖੇ

# ਨੈਸ਼ਨਲ ਯੂਥ ਅਤੇ ਸੜਕ ਸੁਰੱਖਿਆ ਹਫਤਾ ਮਨਾਇਆ




**ਮਾਲੇਰਕੋਟਲਾ( ਰਣਜੀਤ ਸਿੰਘ ਪੇਧਨੀ )**-ਮਾਡਰਨ ਗਰੁੱਪ ਆਫ ਇੰਸਟੀਚਿਊਟ ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਦੀ ਅਗਵਾਹੀ ਹੇਠ ਚੱਲ ਰਹੀ ਸੰਸਥਾ ਮਾਡਰਨ ਕਾਲਜ ਆਫ ਐਜੂਕੇਸ਼ਨ ਸ਼ੇਰਗੜ ਚੀਮਾ ਵਿਖੇ ਨਹਿਰੂ ਯੁਵਾ ਕੇਂਦਰ ਯੁਵਾ ਮਾਮਲਿਆਂ ਤੇ ਖੇਡ ਮੰਤਰਾਲਾ ਭਾਰਤ ਸਰਕਾਰ ਵੱਲੋਂ ਕਾਲਜ ਦੇ ਸਹਿਯੋਗ ਨਾਲ ਨੈਸ਼ਨਲ ਯੂਥ ਤੇ ਸੜਕ ਸੁਰੱਖਿਆ ਹਫਤਾ ਮਨਾਇਆ ਗਿਆ। ਜਿਸ ਵਿੱਚ ਡਾ. ਜਗਜੀਤ ਸਿੰਘ ਧੂਰੀ ਜੀ ਨੇ ਮੁੱਖ ਮਹਿਮਾਨ ਵਜੋਂ ਸ਼ਰਿਕਤ ਕੀਤੀ। ਸਮਾਗਮ ਦੇ ਆਰੰਭ ਵਿੱਚ ਮਹਿਮਾਨਾਂ ਨੇ ਜੋਤੀ ਜਗਾਉਣ ਦੀ ਰਸਮ ਅਦਾ ਕੀਤੀ ਅਤੇ ਸਵਾਮੀ ਵਿਵੇਕਾਨੰਦ ਜੀ ਦੀ ਤਸਵੀਰ ਤੇ ਫੁੱਲਾਂ ਦੀ ਮਾਲਾ ਭੇਂਟ ਕੀਤੀ ਗਈ। ਉਪਰੰਤ ਨਹਿਰੂ ਯੁਵਾ ਕੇਂਦਰ ਦੇ ਜ਼ਲ੍ਹਿਾ ਯੂਥ ਅਫ਼ਸਰ ਰਾਹੁਲ ਸੈਣੀ ਨੇ ਉਦਘਾਟਨੀ ਵਿਚਾਰ ਪੇਸ਼ ਕੀਤੇ। ਡਾ. ਜਗਜੀਤ ਸਿੰਘ ਧੂਰੀ ਨੇ ਅਸਲ ਜੀਵਨ ਦੇ ਹੁਨਰ ਬਾਰੇ ਜਾਣਕਾਰੀ ਦਿੱਤੀ ਉਨਾਂ ਨੇ ਕਿਹਾ ਕਿ ਕਿਤਾਬੀ ਗਿਆਨ ਦਾ ਵੀ ਹੋਣਾ ਜ਼ਿੰਦਗੀ ਵਿੱਚ ਜਰੂਰੀ ਹੈ ਪ੍ਰੰਤੂ ਉਸ ਤੋਂ ਜਿਆਦਾ ਜੋ ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਹੁੰਦਾ ਹੈ ਸਾਨੂੰ ਉਸ ਬਾਰੇ ਵੀ ਗਿਆਨ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਡਾ. ਨੀਤੂ ਸੇਠੀ ਵੱਲੋਂ ਸਵਾਮੀ ਵਿਵੇਕਾਨੰਦ ਜੀ ਦੀ ਜੀਵਨੀ ਤੇ ਚਾਨਣਾ ਪਾਇਆ। ਉਨ੍ਹਾਂ ਨੇ ਕਿਹਾ ਕਿ ਸਾਨੂੰ ਅਸਲ ਜ਼ਿੰਦਗੀ ਦੇ ਵਿੱਚ ਵੀ ਸਵਾਮੀ ਵਿਵੇਕਾਨੰਦ ਜੀ ਦੇ ਵਿਚਾਰਾਂ ਨੂੰ ਅਪਣਾਉਣਾ ਚਾਹੀਦਾ ਹੈ। ਸੜਕ ਸੁਰੱਖਿਆ ਹਫਤੇ ਦੌਰਾਨ ਸ੍ਰੀ ਬਲਵੀਰ ਸਿੰਘ (ਐੱਸ. ਆਈ. ਟਰੈਫਿਕ ਇੰਚਾਰਜ ਮਲੇਰਕੋਟਲਾ), ਸ੍ਰੀ ਕਸ਼ਮੀਰ ਸਿੰਘ (ਏ. ਐੱਸ. ਆਈ.) ਅਤੇ ਸ੍ਰੀ ਗੁਰਤੇਜ ਸਿੰਘ (ਏ. ਐੱਸ. ਆਈ.) ਨੇ ਸੜਕ ਸੁਰੱਖਿਆ ਸਬੰਧੀ ਅਤੇ ਟਰੈਫਿਕ ਨਿਯਮਾਂ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਪ੍ਰੋਗਰਾਮ ਦੌਰਾਨ ਭਾਸ਼ਣ ਮੁਕਾਬਲੇ ਕਰਵਾਏ ਗਏ ਜਿਨ੍ਹਾਂ ਵਿੱਚ ਮਿ. ਸਾਜਦ ਅਲੀ (ਹੈੱਡ ਮਾਸਟਰ ਗਵਰਮੈਂਟ ਹਾਈ ਸਕੂਲ ਖੁਰਦ), ਮਿ. ਮੁਹੰਮਦ ਇਮਰਾਨ (ਹੈੱਡ ਮਾਸਟਰ ਐਂਡ ਬੀ. ਐਨ. ਓ. ਗਵਰਮੈਂਟ ਹਾਈ ਸਕੂਲ ਰੁੜਕਾ), ਮਿਸ. ਰਜਨਦੀਪ ਕੌਰ (ਅਸਿਸਟੈਂਟ ਪ੍ਰੋਫੈਸਰ ਮਾਡਰਨ ਕਾਲਜ ਆਫ ਐਜੂਕੇਸ਼ਨ ਸ਼ੇਰਗੜ੍ਹ ਚੀਮਾ) ਵੱਲੋਂ ਜੱਜ ਸਾਹਿਬਾਨ ਦਾ ਰੋਲ ਅਦਾ ਕੀਤਾ ਗਿਆ। ਭਾਸ਼ਣ ਮੁਕਾਬਲੇ ਵਿੱਚ ਪਹਿਲਾ ਦਰਜਾ ਸੂਰਜ ਗੁਪਤਾ, ਦੂਜਾ ਦਰਜਾ ਦਲਵੀਰ ਕੌਰ ਅਤੇ ਤੀਜਾ ਦਰਜਾ ਤਾਨੀਆ ਜੋਸ਼ੀ ਨੇ ਹਾਸਿਲ ਕੀਤਾ। ਇਸ ਭਾਸ਼ਣ ਮੁਕਾਬਲੇ ਵਿੱਚ ਪਹਿਲੇ ਦੂਜੇ ਅਤੇ ਤੀਜੇ ਦਰਜੇ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਜੱਜ ਸਾਹਿਬਾਨਾਂ ਅਤੇ ਆਏ ਹੋਏ ਮਹਿਮਾਨਾਂ ਵੱਲੋਂ ਇਨਾਮ ਵੰਡੇ ਗਏ। ਇਸ ਸਮੇਂ ਡਾ. ਮੀਨਾ ਕੁਮਾਰੀ( ਪ੍ਰਿੰਸੀਪਲ ਕੇ. ਐੱਮ. ਆਰ. ਡੀ. ਜੈਨ ਕਾਲਜ ਮਲੇਰਕੋਟਲਾ ਅਤੇ ਡਾ. ਪੁਨੀਤ ਅਮਨਦੀਪ ਕੌਰ ਸੋਹੀ (ਐੱਮ. ਐੱਸ. ਪੀ. ਐੱਸ. ਸਕੂਲ ਸ਼ੇਰਗੜ ਚੀਮਾ) ਵੀ ਮੌਜੂਦ ਸਨ। ਇਸ ਦੇ ਨਾਲ ਹੀ ਫੋਕ ਗੀਤ, ਗੀਤ, ਸੋਲੋ ਡਾਂਸ ਅਤੇ ਨੁੱਕੜ ਨਾਟਕ ਪੇਸ਼ ਕੀਤਾ ਗਿਆ। ਸੱਭਿਆਚਾਰਕ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਪ੍ਰਸੰਸਾ ਪੁਰਸਕਾਰ ਦਿੱਤੇ ਗਏ। ਨਾਲ ਹੀ ਫੇਸ ਪੇਂਟਿੰਗ ਮੁਕਾਬਲੇ ਲਈ ਕੌਸਰ ਅਤੇ ਪੋਸਟਰ ਲਈ ਸਿਮਰਨਜੀਤ ਕੌਰ ਨੂੰ ਪ੍ਰਸ਼ੰਸਾ ਪੁਰਸਕਾਰ ਭੇਂਟ ਕੀਤਾ ਗਿਆ। ਸਟੇਜ ਦੀ ਭੂਮਿਕਾ ਮਿਸ. ਆਮਨਾ ਕਿਬਰੀਆ, ਮਿਸ ਗੁਰਿੰਦਰ ਕੌਰ ਅਤੇ ਵਿਦਿਆਰਥੀ ਅਧਿਆਪਕਾ ਜ਼ੀਨਤ ਨੇ ਨਿਭਾਈ। ਅੰਤ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ. ਨੀਤੂ ਸੇਠੀ ਨੇ ਨਹਿਰੂ ਯੁਵਾ ਕੇਂਦਰ ਦੇ ਮੈਂਬਰਾਂ ਦਾ, ਬਾਹਰ ਤੋਂ ਆਈਆਂ ਟੀਮਾਂ ਅਤੇ ਉਨ੍ਹਾਂ ਦੇ ਅਧਿਆਪਕ ਸਾਹਿਬਾਨਾਂ ਦਾ ਅਤੇ ਬੱਚਿਆਂ ਦਾ ਇਸ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੇ ਲਈ ਧੰਨਵਾਦ ਕੀਤਾ।

# ਬਿਜਲੀ ਮੰਤਰੀ ਦਾ ਘਿਰਾਓ ਕਰਨਗੇ ਬਿਜਲੀ ਮੁਲਾਜ਼ਮ



ਫ਼ਿਰੋਜ਼ਪੁਰ, 18 ਜਨਵਰੀ (ਮਨੋਹਰ ਲਾਲ) :— ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਵਿਰੁੱਧ ਰੋਹ ਜ਼ਾਹਿਰ ਕਰ ਰਹੇ ਬਿਜਲੀ ਕਾਮਿਆਂ ਵੱਲੋਂ 6 ਫਰਵਰੀ ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ ਮੂਹਰੇ ਲਾਇਆ ਜਾਵੇਗਾ ਧਰਨਾ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪੀ.ਐਸ.ਈ.ਬੀ ਇੰਪਲਾਈਜ਼ ਜੁਆਇੰਟ ਫੋਰਮ ਦੇ ਆਗੂ ਰਤਨ ਸਿੰਘ ਮਜਾਰੀ ਨੇ ਦੱਸਿਆ ਕਿ ਸਾਂਝੇ ਫੋਰਮ ਵੱਲੋਂ ਮੁਲਾਜ਼ਮ ਮੰਗਾਂ ਨੂੰ ਲੈ ਕੇ ਸਰਕਾਰ ਵਿਰੁੱਧ ਸੰਘਰਸ਼ ਛੇੜਿਆ ਜਾ ਰਿਹਾ ਹੈ ਤਾਂ ਜ਼ੋ ਸੁੱਤੀ ਪਈ ਸਰਕਾਰ ਨੂੰ ਜਗਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਾਂਝੇ ਫੋਰਮ ਵਿਚ ਸ਼ਾਮਲ ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਦੇ ਆਗੂਆਂ ਸਰਬ ਸਾਥੀ ਕਰਮ ਚੰਦ ਭਾਰਦਵਾਜ, ਰਤਨ ਸਿੰਘ ਮਜਾਰੀ, ਬਲਦੇਵ ਸਿੰਘ ਮੰਢਾਲੀ, ਰਵੇਲ ਸਿੰਘ ਸਹਾਏਪੁਰ, ਕੌਰ ਸਿੰਘ ਸੋਹੀ, ਹਰਪਾਲ ਸਿੰਘ, ਜਗਜੀਤ ਸਿੰਘ ਕੋਟਲੀ, ਅਵਤਾਰ ਸਿੰਘ ਕੈਂਥ, ਜਗਜੀਤ ਸਿੰਘ ਕੰਡਾ, ਗੁਰਪਿਆਰ ਸਿੰਘ ਆਦਿ ਨੇ ਦੱਸਿਆ ਕਿ ਪਾਵਰ ਮੈਨੇਜਮੈਂਟ ਸੀ.ਆਰ.ਏ 295/19 ਰਾਹੀਂ ਭਰਤੀ ਕੀਤੇ ਸਹਾਇਕ ਲਾਈਨਮੈਨਾਂ ਦੇ ਮਸਲੇ ਨੂੰ ਹੱਲ ਨਹੀਂ ਕਰ ਰਹੀ, ਬਲਕਿ ਇਨ੍ਹਾਂ ਕਾਮਿਆਂ ਨੂੰ ਮਾਨਸਿਕ ਤੌਰ ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਬਿਜਲੀ ਕਾਮਿਆਂ ਦੀਆਂ ਮੰਨੀਆਂ ਹੋਈਆਂ ਮੰਗਾਂ ਲਾਗੂ ਨਹੀਂ ਕੀਤੀਆਂ ਜਾ ਰਹੀਆਂ, ਜਿਸ ਕਰਕੇ ਬਿਜਲੀ ਕਾਮਿਆਂ ਵਿਚ ਰੋਸ ਦੀ ਲਹਿਰ ਦੌੜ ਰਹੀ ਹੈ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਨੂੰ ਪਰਖ ਕਾਲ ਦਾ ਸਮਾਂ ਸਫਲਤਾਪੂਰਵਕ ਸੰਪਨ ਹੋਣ ਤੇ ਵੀ ਨਿਯੁਕਤੀ ਪੱਤਰ ਵਿਚਲੀਆਂ ਸ਼ਰਤਾਂ ਨੂੰ ਅੱਖੋਂ ਪਰੋਖੇ ਕਰਕੇ ਪੂਰੀ ਤਨਖਾਹ ਨਹੀਂ ਦਿੱਤੀ ਜਾ ਰਹੀ, ਜਿਹੜੇ ਕਾਮਿਆਂ ਵੱਲੋਂ ਕੋਈ ਤਜਰਬਾ ਸਰਟੀਫਿਕੇਟ ਵੀ ਨਹੀਂ ਪੇਸ਼ ਕੀਤਾ ਗਿਆ, ਉਨ੍ਹਾਂ ਦੀ ਵੀ ਪੂਰੀ ਤਨਖਾਹ ਰਲੀਜ ਨਹੀਂ ਕੀਤੀ ਜਾ ਰਹੀ। ਮੁਲਾਜ਼ਮ ਆਗੂਆਂ ਨੇ ਦੱਸਿਆ ਕਿ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ 6 ਫਰਵਰੀ ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ ਅੱਗੇ ਵਿਸ਼ਾਲ ਸੂਬਾ ਪੱਧਰੀ ਰੋਸ ਧਰਨਾ ਦਿੱਤਾ ਜਾਵੇਗਾ।

# ਜੰਮੂ ਐਂਡ ਕਸ਼ਮੀਰ ਹਾਈਕੋਰਟ ਸਿੰਘ ਅਤੇ ਕੌਰ ਸਬੰਧੀ ਦਿੱਤੇ ਫ਼ੈਸਲੇ ਤੇ ਮੁੜ ਵਿਚਾਰ ਕਰੇ- ਦਵਿੰਦਰ ਸਿੰਘ ਸੋਢੀ



**ਐਸ.ਏ.ਐਸ ਨਗਰ 18 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਤੇ ਸਾਬਕਾ ਕੇਂਦਰੀ ਮੰਤਰੀ ਸ. ਸੁਖਦੇਵ ਸਿੰਘ ਢੀਂਡਸਾ ਦੇ ਸਿਆਸੀ ਸਲਾਹਕਾਰ ਤੇ ਪਾਰਟੀ ਦੇ ਬੁਲਾਰੇ ਸ.ਦਵਿੰਦਰ ਸਿੰਘ ਸੋਢੀ ਨੇ ਜੰਮੂ ਅਤੇ ਕਸ਼ਮੀਰ ਹਾਈਕੋਰਟ ਵੱਲੋਂ ਸਿੱਖ ਦੇ ਨਾਮ ਪਿੱਛੇ ਸਿੰਘ ਜਾਂ ਕੌਰ ਜ਼ਰੂਰੀ ਨਾ ਹੋਣ ਦੇ ਦਿੱਤੇ ਫੈਸਲੇ ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆ ਹਾਈਕੋਰਟ ਦੀ ਇਸ ਟਿੱਪਣੀ ਨੂੰ ਸਿੱਧੇ ਤੌਰ ਤੇ ਸਿੱਖ ਕਦਰਾਂ ਕੀਮਤਾਂ ਅਤੇ ਸਿੱਖ ਰਹਿਣੀ ਦੇ ਬਿਲਕੁਲ ਵਿਰੁੱਧ ਕਰਾਰ ਦਿੱਤਾ ਹੈ। ਇੱਥੇ ਜਾਰੀ ਬਿਆਨ ਵਿੱਚ ਉਹਨਾਂ ਕਿਹਾ ਕਿ ਸਿੱਖਾਂ ਦਾ ਸ਼ਾਨਾਮੱਤਾ ਇਤਿਹਾਸ ਹੈ ਅਤੇ ਸਿੱਖ ਦੀ ਪਛਾਣ ਅਦਾਲਤਾਂ ਦੀ ਮੁਹਤਾਜ਼ ਨਹੀਂ ਹੈ। ਸ. ਸੋਢੀ ਨੇ ਕਿਹਾ ਕਿ ਅਜਿਹੇ ਫ਼ੈਸਲਿਆ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚਦੀ ਹੈ। ਅੱਗੇ ਉਹਨਾਂ ਕਿਹਾ ਕਿ ਹਾਈਕੋਰਟ ਨੂੰ ਇਸ ਫ਼ੈਸਲੇ ਤੇ ਮੁੜ ਵਿਚਾਰ ਕਰਕੇ ਫ਼ੈਸਲਾ ਵਾਪਸ ਲੈਣਾ ਚਾਹੀਦਾ ਹੈ ਕਿਉਂਕਿ ਇਹ ਸਿੱਖ ਧਰਮ ਵਿੱਚ ਸਿੱਧੇ ਤੌਰ ਤੇ ਦਖ਼ਲਅੰਦਾਜ਼ੀ ਹੈ। ਇਹ ਫ਼ੈਸਲਾ ਸਿੱਖ ਕੌਮ ਲਈ ਕਦਾਚਿੱਤ ਵੀ ਮੰਨਣਯੋਗ ਨਹੀਂ ਹੈ। ਸ. ਸੋਢੀ ਨੇ ਅੱਗੇ ਕਿਹਾ ਕਿ ਅਦਾਲਤਾਂ ਨੂੰ ਸਿੱਖਾਂ ਦੇ ਸਬੰਧ ਵਿੱਚ ਫ਼ੈਸਲੇ ਲੈਣ ਤੋਂ ਪਹਿਲਾ ਐਸਜੀਪੀਸੀ ਦੇ ਚੋਣਾਂ ਸਬੰਧੀ ਬਣੇ ਸੰਵਿਧਾਨ ਬਾਰੇ ਅਤੇ ਸਿੱਖ ਪਰਿਭਾਸ਼ਾ ਸਬੰਧੀ ਜਾਣਕਾਰੀ ਲੈ ਕੇ ਫ਼ੈਸਲਾ ਕਰਨਾ ਚਾਹੀਦਾ ਹੈ। ਕਿਉਂਕਿ ਸਿੰਘ ਅਤੇ ਕੌਰ ਤੋਂ ਬਿਨਾਂ ਸਿੱਖ ਦੀ ਪਛਾਣ ਅਧੂਰੀ ਹੈ।

# ਪਿੰਡ ਬਾਸਰਪੂਰਾ ਤੋਂ ਨਗਰ ਕੀਰਤਨ ਸਜਾਇਆ ਗਿਆ



**ਚੌਂਕ ਮਹਿਤਾ, 18 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਅਧੀਨ ਪੈਂਦੇ ਪਿੰਡ ਬਾਸਰਪੁਰਾ ਤੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਛਤਰ –ਛਾਇਆ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਸਜਾਇਆ ਗਿਆ। ਇਹ ਨਗਰ ਕੀਰਤਨ ਪਿੰਡ ਬਾਸਰਪੁਰਾ ਦੀਆਂ ਪ੍ਰਕਰਮ ਕਰਕੇ ਵਾਪਸ ਗੁਰੂ ਘਰ ਵਿਖੇ ਸਮਾਪਤੀ ਹੋਈ। ਇਸ ਮੌਕੇ ਸੰਗਤਾਂ ਵਲੋਂ ਨਗਰ ਕੀਰਤਨ ਦੇ ਰਸਤਿਆਂ ਨੂੰ ਸੁੰਦਰ ਢੰਗ ਨਾਲ ਸਜਾਇਆ ਗਿਆ। ਗੁਰੂ ਘਰ ਦੇ ਪ੍ਰਚਾਰਕਾਂ ਨੇ ਗੁਰ ਇਤਿਹਾਸ ਨਾਲ ਸੰਗਤਾਂ ਨੂੰ ਜੋੜਿਆ। ਇਸ ਮੌਕੇ ਸਰਪੰਚ ਹਰਪ੍ਰੀਤ ਸਿੰਘ ਬਾਸਰਪੁਰਾ, ਨਿਰਮਲ ਸਿੰਘ, ਲੱਖਵਿੰਦਰ ਸਿੰਘ, ਜਤਿੰਦਰ ਸਿੰਘ, ਤੇ ਸਮੂਹ ਸੰਗਤਾਂ ਪਿੰਡ ਬਾਸਰਪੁਰਾ ਦੀਆਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਗੁਰਦੁਆਰਾ ਗੁਰੂਆਨਾ ਸਾਹਿਬ ਤੋਂ ਨਗਰ ਕੀਰਤਨ ਦਾ

# ਦਮਦਮੀ ਟਕਸਾਲ ਮਹਿਤਾ ਵੱਲੋਂ ਨਿੱਘਾ ਸਵਾਗਤ

### ਪੰਜਾ ਪਿਆਰਿਆਂ ਅਗਵਾਈ ਹੇਠ ਮਹਾਨ ਨਗਰ ਕੀਰਤਨ ਸਜਾਇਆ ਗਿਆ










ਚੌਕ ਮਹਿਤਾ, 17 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ) ਮੀਰੀ ਪੀਰੀ ਦੇ ਮਾਲਕ ਸਾਹਿਬ -ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪਵਿੱਤਰ ਪਾਵਨ ਅਸਥਾਨ ਗੁਰਦੁਆਰਾ ਗੁਰੂਆਨਾ ਸਾਹਿਬ ਵੈਰੋਨੰਗਲ ਤੋ ਸਾਹਿਬ -ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਵਿੱਤਰ ਪਾਵਨ ਅਵਤਾਰ ਦਿਹਾੜੇ ਦੀਆਂ ਖੁਸੀਆਂ ਵਿੱਚ ਧੰਨ ਧੰਨ ਸਾਹਿਬ -ਸ੍ਰੀ ਗਰੰਥ ਸਾਹਿਬ ਦੀ ਛਤਰ ਛਾਇਆ ਹੇਠ ਪੰਜਾ ਪਿਆਰਿਆਂ ਅਗਵਾਈ ਹੇਠ ਮਹਾਨ ਨਗਰ ਕੀਰਤਨ ਸਜਾਇਆ ਗਿਆ। ਗੁਰਦੁਆਰਾ ਹਰਿਗੋਬਿੰਦ ਸਾਹਿਬ ਮਹਿਤਾ ਚੌਕ ਪਹੁੰਚਣ ਤੇ ਦਮਦਮੀ ਟਕਸਾਲ ਦੇ ਮੁੱਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਜਥੇਦਾਰ ਬਾਬਾ ਬੋਹੜ ਸਿੰਘ ਜੀ, ਤਰਨਾ ਦਲ ਮਹਿਤਾ ਦੇ ਮੁੱਖੀ ਸੰਤ ਬਾਬਾ ਅਜੀਤ ਸਿੰਘ ਜੀ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਧੰਨ ਧੰਨ ਸਾਹਿਬ -ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਸਤੇ ਰੁਮਾਲਾ ਦੁਸਾਲਾ ਪੰਜਾ ਪਿਆਰਿਆਂ ਨੂੰ ਸਿਰੋਪਾਓ ਅਤੇ ਸੰਗਤਾ ਲਈ ਖੁੱਲੇ ਲੰਗਰ ਵਰਤਾਇਆ ਗਿਆ। ਇਸ ਦੌਰਾਨ ਮਾਸਟਰ ਜਸਵੰਤ ਸਿੰਘ, ਚੇਅਰਮੈਨ ਕਸ਼ਮੀਰ ਸਿੰਘ ਕਾਲਾ ਸਰਪੰਚ, ਗ੍ਰੰਥੀ ਭਾਈ ਜਸਵੰਤ ਸਿੰਘ ਜਥੇਦਾਰ ਹਰਗੋਪਾਲ ਸਿੰਘ, ਆਦਿ ਸੇਵਾਦਾਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਬਾਬਾ ਹਰਨਾਮ ਸਿੰਘ ਖਾਲਸਾ ਨੇ ਭਾਰਤ 'ਚ ਅੱਵਲ ਰਹੀ

# ਖਾਲਸਾ ਅਕੈਡਮੀ ਦੀ ਹਾਕੀ ਟੀਮ ਨੂੰ ਦਿੱਤਾ ਅਸ਼ੀਰਵਾਦ



**ਚੌਂਕ ਮਹਿਤਾ, 18 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਦੀ ਯੋਗ ਰਹਿਨੁਮਾਈ ਹੇਠ ਚੱਲ ਰਿਹਾ ਵਿਦਿਅਕ ਅਦਾਰਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਅਕੈਡਮੀ ਮਹਿਤਾ-ਚੌਂਕ ਜੋ ਕਿ ਸੰਸਾਰਿਕ ਵਿੱਦਿਆ ਦੇ ਨਾਲ ਖੇਡਾਂ ਦੇ ਖੇਤਰ ਵਿੱਚ ਵੀ ਆਏ ਦਿਨ ਸੁਰਖੀਆਂ ਚ ਰਹਿੰਦਾ ਹੈ, ਦੇ ਵਿਦਿਆਰਥੀਆਂ ਨੇ ਸੀ.ਬੀ.ਐੱਸ.ਈ. ਦੀ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਜਿੱਤ ਕੇ ਸਕੂਲ ਦਾ ਨਾਮ ਰੁਸ਼ਨਾਇਆ ਹੈ। ਬੀਤੇ 26 ਤੋਂ 31 ਦਸੰਬਰ 2023 ਦੌਰਾਨ ਭੋਪਾਲ ਵਿਖੇ ਸੀ.ਬੀ.ਐੱਸ.ਸੀ. ਦੀ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਕਰਵਾਈ ਗਈ ਸੀ। ਜਿਸ ਦੇ ਸੈਮੀਫਾਈਨਲ ਮੁਕਾਬਲੇ ਵਿੱਚ ਖਾਲਸਾ ਅਕੈਡਮੀ ਦੀ ਟੀਮ ਨੇ ਕੋਡਾਗੁ ਵਿੱਦਿਆਲਿਆ ਉੜੀਸਾ ਦੀ ਟੀਮ ਨੂੰ 2-0 ਦੇ ਫਰਕ ਨਾਲ ਹਰਾਇਆ ਅਤੇ ਖਾਲਸਾ ਅਕੈਡਮੀ ਦੇ ਵਿਦਿਆਰਥੀਆਂ ਦਾ ਫਾਈਨਲ ਹਾਕੀ ਮੈਚ ਸਤਚਿਦਾਨੰਦਾ ਸਕੂਲ ਮਹਾਂਰਾਸ਼ਟਰਾ ਨਾਲ ਹੋਇਆ ਜਿਸ ਵਿੱਚ ਖਾਲਸਾ ਅਕੈਡਮੀ ਨੇ 2-0 ਦੇ ਫਰਕ ਨਾਲ ਇਹ ਮੈਚ ਜਿੱਤਿਆ। ਇਸ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਦੀ ਖੁਸ਼ੀ ਵਿੱਚ ਟੀਮ ਦੇ ਵਿਦਿਆਰਥੀ ਅਤੇ ਕੋਚ ਸਾਹਿਬਾਨ ਦਮਦਮੀ ਟਕਸਾਲ ਪਹੁੰਚੇ ਜਿੱਥੇ ਉਨਾਂ ਨੂੰ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਵੱਲੋਂ ਅਸ਼ੀਰਵਾਦ ਦਿੱਤਾ ਗਿਆ। ਬਾਬਾ ਜੀ ਨੇ ਜੇਤੂ ਖਿਡਾਰੀਆਂ ਨੂੰ ਜਿੰਦਗੀ ਵਿੱਚ ਹੋਰ ਉੱਚੇ ਰੁਤਬੇ ਹਾਸਿਲ ਕਰਨ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ਅਤੇ ਮਿਹਨਤ ਕਰਕੇ ਹੋਰ ਉੱਚੇ ਮੁਕਾਮ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਤੇ ਭਾਈ ਈਸ਼ਰ ਸਿੰਘ ਖਾਲਸਾ ਭਿੰਡਰਾਂਵਾਲੇ, ਭਾਈ ਅਜੈਬ ਸਿੰਘ ਜੀ ਅਬਿਆਸੀ, ਗਿਆਨੀ ਪ੍ਰਮਿੰਦਰਪਾਲ ਸਿੰਘ ਬੁੱਟਰ, ਗਿਆਨੀ ਸਾਹਿਬ ਸਿੰਘ, ਪ੍ਰਿੰ: ਗੁਰਦੀਪ ਸਿੰਘ ਜਲਾਲ ਉਸਮਾ, ਪ੍ਰਿੰ: ਮੈਡਮ ਸੁਖਮੀਤ ਕੌਰ, ਹਰਸ਼ਦੀਪ ਸਿੰਘ ਅਤੇ ਡਾ: ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ), ਬਾਬਾ ਬੋਹੜ ਸਿੰਘ ਜੀ, ਭਾਈ ਨਿਰਮਲ ਸਿੰਘ, ਮੈਡਮ ਪ੍ਰਵੀਨ ਕੌਰ, ਮੈਡਮ ਹਰਜੀਤ ਕੌਰ, ਡਾ: ਗੁਰਪ੍ਰਤਾਪ ਸਿੰਘ ਤੇ ਰੁਪਿੰਦਰ ਸਿੰਘ ਆਦਿ ਹਾਜ਼ਰ ਸਨ।

### ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

# ਜਗਾ ਰਾਮ ਤੀਰਥ ਵਿਖੇ ਸਜਾਏ ਨਗਰ ਕੀਰਤਨ





ਤਲਵੰਡੀ ਸਾਬੋ, 18 ਜਨਵਰੀ (ਗੁਰਜੰਟ ਸਿੰਘ ਨਥੇਹਾ)- ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਤਲਵੰਡੀ ਸਾਬੋ ਦੇ ਨੇੜਲੇ ਪਿੰਡ ਜਗਾ ਰਾਮ ਤੀਰਥ ਦੇ ਗੁਰਦੁਆਰਾ ਸ੍ਰੀ ਥੰਮ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਸਜਾਏ ਗਏ। ਇਹ ਨਗਰ ਕੀਰਤਨ ਗੁਰਦੁਆਰਾ ਥੰਮ ਸਾਹਿਬ ਤੋਂ ਸ਼ੁਰੂ ਹੋ ਕੇ ਪਿੰਡ ਦੀਆਂ ਸੱਥਾਂ ਗਲੀਆਂ ਵਿੱਚੋਂ ਦੀ ਹੁੰਦਾ ਹੋਇਆ ਦੇਰ ਸ਼ਾਮ ਗੁਰਦੁਆਰਾ ਥੰਮ ਸਾਹਿਬ ਪਹੁੰਚ ਕੇ ਸਮਾਪਤ ਹੋਇਆ। ਨਗਰ ਕੀਰਤਨ ਸਮੇਂ ਪਿੰਡ ਵਾਸੀਆਂ ਵੱਲੋਂ ਜਗ੍ਹਾ-ਜਗ੍ਹਾ 'ਤੇ ਗੁਰੂ ਕੀਆਂ ਦੀਆਂ ਸੰਗਤਾਂ ਲਈ ਚਾਹ ਪਕੌੜਿਆਂ ਅਤੇ ਵਨ-ਸੁਵੰਨੇ ਲੰਗਰ ਛਕਾ ਕੇ ਸੰਗਤਾਂ ਦੀ ਸੇਵਾ ਕੀਤੀ। ਨਗਰ ਕੀਰਤਨ ਵਿੱਚ ਢਾਡੀ ਜਥਿਆਂ ਨੇ ਗੁਰੂ ਸਾਹਿਬ ਦਾ ਇਤਿਹਾਸ ਸੁਣਾ ਕੇ ਕੀਰਤਨੀ ਸਿੰਘਾਂ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗਤਕਾ ਸਿੰਘਾਂ ਨੇ ਜੋਸ਼ੀਲੇ ਜੌਹਰ ਦਿਖਾ ਕੇ ਸੰਗਤਾਂ 'ਚ ਜੋਸ਼ ਭਰਿਆ। ਇਸ ਮੌਕੇ ਪਹੁੰਚੀ ਹੋਈ ਸਾਰੀ ਸੰਗਤ ਦਾ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਬਾਬਾ ਲਾਭ ਸਿੰਘ ਜੀ ਨੇ ਧੰਨਵਾਦ ਕੀਤਾ ਅਤੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿ ਕੇ ਗੁਰੂ ਦੇ ਲੜ ਲੱਗਣ ਦੀ ਪ੍ਰੇਰਿਤ ਕੀਤਾ। ਇਸ ਮੌਕੇ ਅਵਤਾਰ ਸਿੰਘ ਬਿੱਟੂ, ਪ੍ਰਧਾਨ ਬਲਵਿੰਦਰ ਸਿੰਘ, ਬਿੰਦਰ ਖਜਾਨਚੀ, ਸਾਹਿਬ ਸਿੰਘ ਮੈਂਬਰ, ਦਲਜੀਤ ਸਿੰਘ ਸੰਧੂ, ਅਮਰੀਕ ਸਿੰਘ ਸੰਧੂ, ਕਸ਼ਮੀਰ ਸਿੰਘ ਸੰਧੂ, ਬਾਬਾ ਜੱਸਾ ਸਿੰਘ, ਮਿੱਠੂ ਸਿੰਘ ਚੋਟੀਆ, ਸੁਖਵਿੰਦਰ ਸਿੰਘ ਮਾਨ, ਜੱਸਾ ਸਿੰਘ ਸਰਪੰਚ, ਬਲਜੀਤ ਸਿੰਘ ਮਾਨ, ਗੁਰਦੀਪ ਸਿੰਘ ਮਾਨ ਅਤੇ ਸਿੱਖ ਸੰਗਤਾਂ ਨੇ ਹਾਜ਼ਰੀ ਲਵਾਈ।

### ਗੁਰੂ ਹਰਗੋਬਿੰਦ ਪਬਲਿਕ ਸੀਨੀ. ਸੈਕੰ. ਸਕੂਲ ਲਹਿਰੀ ਦੇ ਕਬੱਡੀ ਖਿਡਾਰੀ ਨੇ

# ਤਿਲੰਗਾਨਾ 'ਚ ਚਮਕਾਇਆ ਪੰਜਾਬ ਦਾ ਨਾਮ






ਤਲਵੰਡੀ ਸਾਬੋ, 18 ਜਨਵਰੀ (ਗੁਰਜੰਟ ਸਿੰਘ ਨਥੇਹਾ)- ਪੰਜਾਬ ਸਰਕਾਰ ਅਤੇ ਖੇਡ ਵਿਭਾਗ ਦੁਆਰਾ ਕਰਵਾਈਆਂ ਸਕੂਲੀ ਖੇਡਾਂ 'ਚ ਜਿੱਥੇ ਗੁਰੂ ਹਰਗੋਬਿੰਦ ਪਬਲਿਕ ਸੀਨੀ. ਸੈਕੰ. ਸਕੂਲ ਲਹਿਰੀ ਦੇ ਵੱਖ-ਵੱਖ ਸਟੇਟ ਖੇਡਾਂ 'ਚ ਮੱਲਾਂ ਮਾਰੀਆਂ ਹਨ ਉਥੇ ਹੀ ਇੱਕ ਖਿਡਾਰੀ ਨੇ ਕਬੱਡੀ ਨੈਸ਼ਨਲ ਸਟਾਈਲ ਖੇਡ ਲਈ ਨੈਸ਼ਨਲ ਪੱਧਰੀ ਟੂਰਨਾਮੈਂਟ ਤੇਲੰਗਾਨਾ ਵਿੱਚ ਆਪਣੇ ਜੌਹਰ ਦਿਖਾਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਸ੍ਰ. ਲਖਵਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਗੈਰੀ ਸਿੰਘ ਪੁੱਤਰ ਰਾਜਾ ਸਿੰਘ ਪਿੰਡ ਮਿਰਜੇਆਣਾ ਨੇ ਅੰਡਰ-17 ਅਧੀਨ ਕੱਬਡੀ ਨੈਸ਼ਨਲ ਸਟਾਈਲ ਲਈ ਤਿਲੰਗਾਨਾ ਵਿਖੇ ਪੰਜਾਬ ਨੂੰ ਪ੍ਰਦਸ਼ਤਿ ਕਰਦਿਆਂ ਵੱਡੀਆਂ ਪ੍ਰਾਪਤੀਆਂ ਕਰਕੇ ਸਕੂਲ, ਜਿਲ੍ਹੇ ਅਤੇ ਪੰਜਾਬ ਸੂਬੇ ਦਾ ਨਾਮ ਰੌਸ਼ਨ ਕੀਤਾ। ਉਹਨਾਂ ਦੱਸਿਆ ਕਿ ਅੱਜ ਖਿਡਾਰੀ ਗੈਰੀ ਸਿੰਘ ਨੂੰ ਸਕੂਲ 'ਚ ਪ੍ਰਵੇਸ਼ ਕਰਨ 'ਤੇ ਨਿੱਘਾ ਸਵਾਗਤ ਕਰਦਿਆਂ ਮੂੰਹ ਮਿੱਠਾ ਕਰਵਾਕੇ ਗਲੇ 'ਚ ਹਾਰ ਪਹਿਨਾਏ। ਉਹਨਾਂ ਦੱਸਿਆ ਕਿ ਇਹ ਵੱਡੀ ਪ੍ਰਾਪਤੀ ਦਾ ਸਿਹਰਾ ਕੋਚ ਸ੍ਰ. ਹਰਵਿੰਦਰ ਸਿੰਘ ਸਿੱਧੂ ਦੇ ਸਿਰ ਜਾਂਦਾ ਹੈ ਜਿਨ੍ਹਾਂ ਨੇ ਸਖ਼ਤ ਮਿਹਨਤ ਕਰਵਾਕੇ ਇਸ ਮੁਕਾਮ ਹਾਸਲ ਕਰਵਾਇਆ। ਇਸ ਮੌਕੇ ਸੁਸਾਇਟੀ ਪ੍ਰਧਾਨ ਸ੍ਰੀਮਤੀ ਜਸਵਿੰਦਰ ਕੌਰ ਸਿੱਧੂ ਅਤੇ ਸਕੱਤਰ ਸ਼੍ਰੀਮਤੀ ਪਰਮਜੀਤ ਕੌਰ ਨੇ ਜਿੱਥੇ ਗੈਰੀ ਸਿੰਘ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਉੱਥੇ ਕਬੱਡੀ ਕੋਚ ਸ੍ਰ. ਹਰਵਿੰਦਰ ਸਿੰਘ ਸਿੱਧੂ ਨੂੰ ਮੁਬਾਰਕਬਾਦ ਦਿੱਤੀ ਅਤੇ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ।

# ਸਿਹਤ ਵਿਭਾਗ ਵਲੋਂ ਜਿਲ੍ਹਾ ਪੱਧਰ ਤੇ ਐਡਵੋਕੇਸੀ ਉਮੰਗ ਕਲੀਨਿਕ ਵਰਕਸ਼ਾਪ ਦਾ ਕੀਤਾ ਅਯੋਜਨ



**ਚੌਂਕ ਮਹਿਤਾ,18 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਵਲ ਸਰਜਨ ਤਰਨਤਾਰਨ ਡਾ ਕਮਲਪਾਲ ਜੀ ਦੀ ਪ੍ਰਧਾਨਗੀ ਹੇਠ ਜਿਲ੍ਹਾ ਪੱਧਰੀ ਚਾਇਲਡ ਹੈਲਥ ਅਤੇ ਕਿਸ਼ੋਰ ਅਵਸਥਾ ਸਬੰਧੀ ਐਡਵੋਕੇਸੀ ਉਮੰਗ ਕਲੀਨਿਕ ਦਾ ਆਯੋਜਨ ਕੀਤਾ ਗਿਆ।ਇਸ ਮੋਕੇ ਤੇ ਸੀਨੀਅਰ ਮੈਡੀਕਲ ਅਫਸਰ, ਬੀ.ਈ.ਈ., ਐਲ.ਐਚ.ਵੀ. ਅਤੇ ਏ.ਐਨ.ਐਮ. ਨੇ ਸ਼ਿਰਕਤ ਕੀਤੀ। ਇਸ ਮੋਕੇ ਤੇ ਜਾਣਕਾਰੀ ਦਿੰਦਿਆ ਸਿਵਲ ਸਰਜਨ ਡਾ ਕਮਲਪਾਲ ਨੇ ਦੱਸਿਆ ਕਿ ਜਿਲ੍ਹਾ ਤਰਨਤਾਰਨ ਵਿਖੇ ਤਿੰਨ ਉਮੰਗ ਕਲੀਨਿਕਾਂ ਕੰਮ ਕਰ ਰਹੀਆਂ ਹਨ, ਜੋ ਕਿ ਸਿਵਲ ਹਸਪਤਲ ਤਰਨਤਾਰਨ, ਪੱਟੀ ਅਤੇ ਖਡੂਰ ਸਾਹਿਬ ਵਿਖੇ ਸਥਾਪਿਤ ਹਨ। ਇਸਨਾਂ ਕਲੀਨਿਕਾਂ ਵਿਚ ਕਿਸ਼ੋਰ ਪ੍ਰਜਨਣ ਸਿਹਤ ਸੰਭਾਲ ਦੇ ਨਾਲ-ਨਾਲ ਬਹੁਤ ਸਾਰੀਆਂ ਪ੍ਰਜਨਣ ਅਤੇ ਗੁਪਤ ਰੋਗਾਂ ਦੀਆਂ ਸੱਮਸਿਆਵਾਂ ਦਾ ਹੱਲ ਮਾਹਿਰ ਡਾਕਟਰਾਂ ਅਤੇ ਮੈਡੀਕਲ ਕੌਂਸਲਰਾਂ ਵਲੋਂ ਕੀਤਾ ਜਾਂਦਾ ਹੈ ਅਤੇ ਮਰੀਜ ਦਾ ਰਿਕਾਰਡ ਗੁਪਤ ਰੱਖਿਆ ਜਾਂਦਾ ਹੈ। ਇਹਨਾਂ ਟਰੇਨਿੰਗਾਂ ਦੁਆਰਾ ਸਾਰੇ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ, ਏ.ਐਨ.ਐਮ, ਅਤੇ ਆਸ਼ਾ ਵਰਕਰਾਂ ਨੂੰ ਟਰੇਂਡ ਕੀਤਾ ਜਾਂਦਾ ਹੈ ਅਤੇ ਲੋਕਾ ਨੂੰ ਜਾਗਰੂਕਤ ਕਰਨ ਦੇ ਢੰਗ ਤਰੀਕੇ ਸਿਖਾਏ ਜਾਦੇ ਹਨ।ਜਿਲ੍ਹਾ ਟੀਕਾਕਰਣ ਅਫਸਰ ਡਾ ਵਰਿੰਦਰ ਪਾਲ ਕੌਰ ਨੇ ਕਿਸ਼ੋਰ ਅਵਸਥਾ ਵਿੱਚ ਹੋਣ ਵਾਲੇ ਸ਼ਰੀਰਕ ਅਤੇ ਮਾਨਸਿਕ ਵਿਕਾਰਾ ਸਬੰਧੀ ਬੜੇ ਵਿਸਥਾਰ ਵਿੱਚ ਦੱਸਿਆ ਅਤੇ ਕਿਹਾ ਕਿ 13 ਸਾਲ ਤੋ 19 ਸਾਲ ਤੱਕ ਬਚਿਆ ਵੱਲ ਮਾਂ ਬਾਪ ਨੂੰ ਵਿਸ਼ੇਸ਼ ਧਿਆਨ ਦੇਣਾ ਚਾਹਿਦਾ ਹੈ ਅਤੇ ਉਨ੍ਹਾ ਦੀਆ ਹਰੇਕ ਗਤੀਵਿਧੀਆ ਤੇ ਨਜਰ ਰੱਖਣੀ ਚਾਹਿਦੀ ਹੈ ਤਾਂ ਜੋ ਇਨ੍ਹਾ ਬੱਚਿਆ ਨੂੰ ਮਾੜੀ ਸਗੰਤ ਤੋ ਬਚਾਇਆ ਜਾ ਸਕੇ। ਉਹਨਾਂ ਨੇ ਮਾਨਸਿਕ ਰੋਗਾ ਬਾਰੇ ਬੜੇ ਵਿਸਥਾਰ ਨਾਲ ਦੱਸਿਆ ਅਤੇ ਕਿਹਾ ਕਿ ਕਿਸ਼ੋਰ ਅਵਸਥਾ ਵਿੱਚ ਮਾਨਸਿਕ ਰੋਗ, ਡਿਪਰੈਸ਼ਨ, ਵੈਹਿਮ, ਡਰ ਅਤੇ ਚਿੜਚੜਾਪਨ ਆਮ ਪਾਏ ਜਾਂਦੇ ਹਨ।ਜਿਸ ਕਾਰਨ ਕਈ ਵਾਰੀ ਬੱਚੇ ਗਲਤ ਸੰਗਤ ਵਿੱਚ ਫਸ ਜਾਦੇ ਹਨ। ਜਿਨਾ ਨੂੰ ਕਿ ਚੰਗੀ ਕਾਊਸਲਿੰਗ ਅਤੇ ਦਵਾਈਆ ਨਾਲ ਠੀਕ ਕੀਤਾ ਜਾ ਸਕਦਾ ਹੈ।ਇਸ ਅਵਸਰ ਤੇ ਜਿਲ੍ਹਾ ਐਪੀਡਿਮਲਿੋਜਿਟ ਡਾ ਸਿਮਰਨ ਕੌਰ, ਡਾ ਅਮਨਦੀਪ ਸਿੰਘ, ਜਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ, ਸਮੂਹ ਨੋਡਲ ਅਫਸਰ ਅਤੇ ਸਟਾਫ ਹਾਜਰ ਸਨ।

# ਸਾਂਸਦ ਮਾਨ ਵੱਲੋਂ ਸੰਗਰੂਰ ਹਲਕੇ 'ਚ ਕੀਤੇ ਕੰਮਾਂ ਦੀ ਹੋ ਰਹੀ ਹੈ ਸ਼ਲਾਘਾ ਆਗੂ ਮਾਨ ਦਲ



ਧੂਰੀ (ਰਣਜੀਤ ਸਿੰਘ ਪੇਧਨੀ)-ਪੂਰੀ ਦੁਨੀਆ ਵਿੱਚ ਵਸਦੇ ਸਿੱਖਾਂ ਅਤੇ ਬੰਦੀ ਸਿੰਘਾਂ ਦੀ ਅਵਾਜ ਨੂੰ ਲੋਕ ਸਭਾ ਚ ਬੁਲੰਦ ਕਰਨ ਵਾਲੇ ਮੈਬਰ ਪਾਰਲੀਮੈਂਟ ਸ, ਸਿਮਰਨਜੀਤ ਸਿੰਘ ਮਾਨ ਹੀ ਹਨ ਜਿਨਾਂ ਲੋਕ ਸਭਾ ਚ ਹੁੰਦਿਆਂ ਸਿੱਖਾਂ ਦੀ ਆਵਾਜ਼ ਨੂੰ ਦਬਣ ਨੀ ਦਿੱਤਾ। ਜਿਮਨੀ ਚੋਣ ਜਿੱਤਣ ਤੋਂ ਬਾਅਦ ਸ, ਮਾਨ ਨੇ ਲੋਕ ਸਭਾ ਹਲਕੇ ਦੇ ਲਈ ਜੋ ਕੰਮ ਕੀਤੇ ਹਨ ਉਹ ਪਿਛਲੇ ਐਮ,ਪੀ ਵੱਲੋਂ ਨਹੀਂ ਕੀਤੇ ਗਏ। ਸਰਦਾਰ ਮਾਨ ਨੇ ਐਮ ਪੀ ਬਣਨ ਤੋਂ ਬਾਅਦ, ਮਾਲੇਰਕੋਟਲਾ ਦੇ ਲਈ ਬਿਜਲੀ ਪ੍ਰਜੈਕਟ, ਪੀਜੀਆਈ ਹਸਪਤਾਲ ਘਾਵਦਾਂ ਨੂੰ ਚਾਲੂ ਕਰਵਾ ਕੇ ਸੰਗਰੂਰ ਵਾਸੀਆਂ ਨੂੰ ਲਿਆ ਕੇ ਦਿੱਤਾ ਜਿਸ ਦੀ ਹਰ ਵਰਗ ਸਲਾਂਘਾ ਕਰ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੇ ਸੀਨੀਅਰ ਆਗੂ ਪੰਥਕ ਸ਼ਖਸੀਅਤ ਸੰਤ ਬਾਬਾ ਹਰਬੰਸ ਸਿੰਘ ਜੈਨਪੁਰ, ਹਰਬੰਸ ਸਿੰਘ ਸਲੇਮਪੁਰ, ਸਾਧੂ ਸਿੰਘ ਪੇਧਨੀ, ਅਮਰਜੀਤ ਸਿੰਘ ਬਾਦਸ਼ਾਹਪੁਰ ਅਤੇ ਵਾਸਬੀਰ ਸਿੰਘ ਰਾਜੋਮਾਜਰਾ ਨੇ ਕੀਤਾ। ਉਨ੍ਹਾਂ ਕਿਹਾ ਕਿ ਆ ਰਹੀ ਆ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਸ, ਸਿਮਰਨਜੀਤ ਸਿੰਘ ਮਾਨ ਨੂੰ ਦੁਬਾਰਾ ਤੋਂ ਮੈਂਬਰ ਪਾਰਲੀਮੈਂਟ ਬਣਾਉਣ ਦੇ ਲਈ ਪਾਰਟੀ ਦੇ ਵਰਕਰਾਂ ਤੇ ਅਹੁਦੇਦਾਰਾਂ ਨੂੰ ਪਾਰਟੀ ਦੀਆਂ ਗਤੀਵਿਧੀਆਂ ਅਤੇ ਸ,ਮਾਨ ਵੱਲੋਂ ਸੰਗਰੂਰ ਹਲਕੇ ਦੇ ਲਈ ਕੀਤੇ ਕੰਮਾਂ ਨੂੰ ਘਰ ਘਰ ਜਾ ਕੇ ਜਾਣੂ ਕਰਵਾਉਣਾ ਚਾਹੀਦਾ ਹੈ ਕਿਉਂਕਿ ਸਰਦਾਰ ਮਾਨ ਹੀ ਸਿੱਖ ਕੌਮ ਦੀ ਨੁਮਾਇੰਦਗੀ ਕਰਦੇ ਸਕਦੇ ਹਨ।

# ਰਾਮ ਮੰਦਰ ਦੇ ਸਮਾਗਮ ਦੀ ਭਗਤਾ ਨੂੰ ਬੇਸਬਰੀ ਨਾਲ ਉਡੀਕ , ਮਿੱਤਲ,ਜੱਗਾ



ਧੂਰੀ (ਰਣਜੀਤ ਸਿੰਘ ਪੇਧਨੀ) 22 ਜਨਵਰੀ ਨੂੰ ਮਰਿਆਦਾ ਪੁਰਸ਼ੋਤਮ ਭਗਵਾਨ ਸ੍ਰੀ ਰਾਮ ਜੀ ਮਹਾਰਾਜ ਅਯੁੱਧਿਆ ਵਿਖੇ ਆਪਣੇ ਨਿਵਾਸ ਅਸਥਾਨ ਤੇ ਬਿਰਾਜਮਾਨ ਹੋ ਹੋਣ ਜਾ ਰਹੇ ਹਨ ਜਿੱਥੇ ਅਯੁੱਧਿਆ ਨਗਰੀ ਨੂੰ ਖੂਬਸੂਰਤੀ ਨਾਲ ਸਜਾਇਆ ਗਿਆ ਹੈ ਉੱਥੇ ਆਉਣ ਵਾਲੇ ਉਹਨਾਂ ਦੇ ਸ਼ਰਧਾਲੂਆਂ ਦੇ ਲਈ ਖਾਸ ਪ੍ਰਬੰਧ ਕੀਤੇ ਗਏ ਹਨ ਜਿਨਾਂ ਵਿੱਚ ਬਹੁਤ ਹੀ ਖੁਸ਼ੀ ਪਾਈ ਜਾ ਰਹੀ ਹੈ। ਇਸ ਖੁਸੀ ਨੂੰ ਦੁੱਗਣਾ ਕਰਨ ਲਈ ਦੇਸ਼ ਵਾਸੀਆਂ ਵੱਲੋਂ ਆਪਣੇ ਘਰਾਂ ਤੇ ਦੀਪ ਮਾਲਾ ਕਰਕੇ ਇਸ ਦਿਨ ਨੂੰ ਵਿਲੱਖਣ ਤੌਰ ਤੇ ਮਨਾਇਆ ਜਾਵੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਸਰਕਲ ਪ੍ਰਧਾਨ ਕ੍ਰਿਸ਼ਨ ਗੋਪਾਲ ਨੀਲੂ ਮਿੱਤਲ, ਜਗਦੇਵ ਜਿੰਦਲ ਜੱਗਾ ਸਾਬਕਾ ਮੀਤ ਪ੍ਰਧਾਨ ਨਗਰ ਕੌਂਸਲ ਧੂਰੀ ਨੇ ਕੀਤਾ। ਉਹਨਾਂ ਕਿਹਾ ਕਿ ਪਿਛਲੇ ਲੰਮੇ ਅਰਸੇ ਤੋਂ ਚੱਲ ਰਹੀ ਆਸ ਨੂੰ ਪੂਰਾ ਕਰਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਦੇਸ਼ ਵਾਸੀਆਂ ਨੂੰ ਅਯੁੱਧਿਆ ਦੇ ਵਿੱਚ ਰਾਮ ਮੰਦਿਰ ਬਣਾ ਕੇ ਆਪਣਾ ਵਾਅਦਾ ਪੂਰਾ ਕੀਤਾ ਹੈ। ਇਸ ਲਈ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਜੇਕਰ ਉੱਥੇ ਨਹੀਂ ਜਾ ਸਕਦੇ ਤਾਂ ਆਪਣੇ ਘਰਾਂ ਵਿੱਚ ਰਹਿ ਕੇ ਭਗਵਾਨ ਸ੍ਰੀ ਰਾਮ ਜੀ ਦੀ ਪੂਜਾ ਕੀਤੀ ਜਾਵੇ।

### ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ

# ਗੁਰਦੁਆਰਾ ਸਿੰਘ ਸਭਾ ਪਿੰਡ ਤਾਰਾਗੜ੍ਹ ਵਿਖੇ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ





ਜੰਡਿਆਲਾ ਗੁਰੂ 18 ਜਨਵਰੀ ( ਕੁਲਵੰਤ ਸਿੰਘ ਵਿਰਦੀ) ਧੰਨ ਧੰਨ ਸਰਬੰਸਦਾਨੀ ਸਾਹਿਬੇ ਕਮਾਲ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਅਵਤਾਰ ਪੁਰਬ ਦੇਸ਼ ਵਿਦੇਸ਼ ਵਿੱਚ ਵੱਸਦੀਆਂ ਸਮੂਹ ਗੁਰੂ ਨਾਨਕ ਲੇਵਾ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਜਿਸ ਦੇ ਚੱਲਦਿਆਂ ਬੀਤੇ ਦਿਨ ਪਿੰਡ ਤਾਰਾਗੜ੍ਹ ਵਿਖੇ ਸਥਿਤ ਗੁਰਦੁਆਰਾ ਸਿੰਘ ਸਭਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ ਤਿੰਨ ਰੋਜ਼ ਤੋਂ ਆਰੰਭ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਭੋਗ ਤੋਂ ਉਪਰੰਤ ਗੁਰੂ ਘਰ ਦੇ ਗ੍ਰੰਥੀ ਸਿੰਘ ਭਾਈ ਸਵਿੰਦਰ ਸਿੰਘ ਜੀ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਅਤੇ ਹੁਕਮਨਾਮੇ ਤੋਂ ਉਪਰੰਤ ਫੌਜੀ ਬੈਂਡ ਦੀਆਂ ਮਨਮੋਹਕ ਧੁਨਾਂ ਨਾਲ ਤੇ ਫੁੱਲਾਂ ਦੀ ਵਰਖਾ ਨਾਲ ਫੁੱਲਾਂ ਨਾਲ ਸੱਜੀ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਸਮੂਹ ਪਿੰਡ ਤਾਰਾਗੜ੍ਹ ਦੀਆਂ ਸੰਗਤਾਂ ਵੱਲੋਂ ਪਿਆਰ ਤੇ ਸ਼ਰਧਾ ਭਾਵਨਾ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਨਗਰ ਕੀਰਤਨ ਗੁਰਦੁਆਰਾ ਸਿੰਘ ਸਭਾ ਤੋਂ ਆਰੰਭ ਹੋ ਕਿ ਗੁਰਦੁਆਰਾ ਬਾਬਾ ਜੀਵਨ ਸਿੰਘ, ਗੁਰਦੁਆਰਾ ਮਹਾਰਾਜਾ ਸ੍ਰ ਜੱਸਾ ਸਿੰਘ ਰਾਮਗੜ੍ਹੀਆ, ਗੁਰਦੁਆਰਾ ਤਪ ਅਸਥਾਨ ਸੰਤ ਬਾਬਾ ਸੋਹਣ ਸਿੰਘ ਵਿਖੇ ਤੋਂ ਹੁੰਦਾ ਹੋਇਆ ਗੁਰਦੁਆਰਾ ਸਿੰਘ ਸਭਾ ਵਿਖੇ ਸਮਾਪਤ ਹੋਇਆ ਸਮੂਹ ਇਲਾਕਾ ਨਿਵਾਸੀ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਭਰਵਾਂ ਸਵਾਗਤ ਕਰਦਿਆਂ ਹੋਇਆਂ ਹਾਜ਼ਰ ਸੰਗਤਾਂ ਨੂੰ ਵੱਖ ਵੱਖ ਪੜਾਵਾਂ ਤੇ ਵੱਖ ਵੱਖ ਪਦਾਰਥਾਂ ਦੇ ਲੰਗਰ ਛਕਾਏ ਗਏ ਅਤੇ ਨਗਰ ਕੀਰਤਨ ਵਿੱਚ ਨਿਸ਼ਕਾਮ ਪ੍ਰਭਾਤਿ ਫੇਰੀ ਸੰਗਤਾਂ ਵੱਲੋਂ ਗੁਰੂ ਜਸ ਸਰਵਨ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਉਪਮਾ ਪ੍ਰਥਾਏ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਨਗਰ ਕੀਰਤਨ ਦੀ ਸਮਾਪਤੀ ਮੌਕੇ ਬਾਬਾ ਸ਼ਵਿੰਦਰ ਸਿੰਘ ਵੱਲੋਂ ਸਮੂਹ ਨਗਰ ਤਾਰਾਗੜ੍ਹ ਦੀਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਹੋਇਆਂ ਜੀ ਆਇਆਂ ਆਖਦਿਆਂ ਹੋਇਆਂ ਗੁਰੂ ਚਰਨਾਂ ਵਿੱਚ ਅਰਦਾਸ ਕੀਤੀ ਗਈ।

### ਦਸਮੇਸ਼ ਪਿਤਾ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਜੋਤੀਸਰ ਵਿਖੇ ਪਹੁੰਚਣ 'ਤੇ

# ਬਾਬਾ ਸੁੱਖਾ ਸਿੰਘ ਜੀ ਵੱਲੋਂ ਭਰਵਾਂ ਸਵਾਗਤ



ਜੰਡਿਆਲਾ ਗੁਰੂ 18 ਜਨਵਰੀ ( ਕੁਲਵੰਤ ਸਿੰਘ ਵਿਰਦੀ) ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ਸਾਹਿਬ ਏ ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬਜ਼ਾਰ ਕਸ਼ਮੀਰੀਆਂ ਜੰਡਿਆਲਾ ਗੁਰੂ ਵਿਖੇ ਤੋਂ ਫੁਲਾਂ ਨਾਲ ਸੱਜੀ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਬੜੀ ਸ਼ਰਧਾ ਭਾਵਨਾ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਨਗਰ ਕੀਰਤਨ ਸਹਿਰ ਵਿਖੇ ਵੱਖ ਬਜ਼ਾਰਾਂ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਤੱਪ ਅਸਥਾਨ ਗੁਰਦੁਆਰਾ ਸੰਤ ਬਾਬਾ ਗੁਰਬਖਸ਼ ਸਿੰਘ ਜੀ ਜੋਤੀਸਰ ਜੰਡਿਆਲਾ ਗੁਰੂ ਵਿਖੇ ਪਹੁੰਚਿਆ ਜਿਥੇ ਗੁਰਦੁਆਰਾ ਜੋਤੀਸਰ ਜੰਡਿਆਲਾ ਗੁਰੂ ਅਤੇ ਜੋਤੀਸਰ ਸ਼ਮਿਲੇ ਦੇ ਮੁੱਖ ਸੇਵਾਦਾਰ ਬਾਬਾ ਸੁੱਖਾ ਸਿੰਘ ਜੀ ਵੱਲੋਂ ਸਮੂਹ ਜੋਤੀਸਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ ਜਿਸ ਵਿੱਚ ਬਾਬਾ ਸੁੱਖਾ ਸਿੰਘ ਜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾ ਸਾਹਿਬ ਭੇਟ ਕੀਤਾ ਗਿਆ ਅਤੇ ਪੰਜਾਂ ਪਿਆਰਿਆਂ ਨੂੰ ਸਿਰੋਪਾਓ ਪਾ ਕਿ ਸਤਿਕਾਰ ਕੀਤਾ ਗਿਆ ਅਤੇ ਆਈਆਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਅਤੁੱਟ ਲੰਗਰ ਛਕਾਏ ਗਏ ੧ਇਸ ਮੌਕੇ ਬਾਬਾ ਸੁੱਖਾ ਸਿੰਘ ਜੀ ਨੇ ਵੀਚਾਰ ਸਾਂਝੇ ਕਰਦਿਆਂ ਹੋਇਆਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਹੁਕਮ ਨੂੰ ਮੰਨਦਿਆਂ ਹੋਇਆਂ ਸਾਨੂੰ ਸਭ ਨੂੰ ਬਾਣੀ ਬਾਣੇ ਦੇ ਧਾਰਨੀ ਹੋ ਕਿ ਇਕ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਹੋਣਾ ਚਾਹੀਦਾ ਹੈ ਅਤੇ ਸਮੇਂ ਦੇ ਹਲਾਤੇ ਨੂੰ ਮੁੱਖ ਰੱਖਦਿਆਂ ਹੋਇਆਂ ਜ਼ੁਲਮ ਤੇ ਜ਼ਾਲਮ ਦੇ ਟਾਕਰੇ ਲਈ ਕਲਗ.ੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੱਲੋਂ ਚਲਾਈ ਮਰਿਆਦਾ ਤਹਿਤ ਇਕ ਬਾਟੇ ਵਿਚੋਂ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਕਿ ਆਪਣੇ ਜੀਵਨ ਨੂੰ ਸਫਲ ਬਣਾਉਣ ਲਈ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਟ੍ਰੈਫਿਕ ਐਜੂਕੇਸ਼ਨ ਸੈੱਲ ਵਲੋਂ ਸਰੂਪ ਰਾਣੀ ਕਾਲਜ ਦੇ ਬੱਚਿਆਂ ਨਾਲ ਕੀਤਾ ਟ੍ਰੈਫਿਕ ਸੈਮੀਨਾਰ






**ਚੌਕ ਮਹਿਤਾ, 18 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਮਾਣਯੋਗ ਪੁਲਿਸ ਕਮਿਸ਼ਨਰ ਜੀ ਦੇ ਦਿਸ਼ਾ ਨਿਰਦੇਸ਼ ਹੇਠ ਅਤੇ ਏਡੀਸੀਪੀ ਟ੍ਰੈਫਿਕ ਪੁਲਿਸ ਕਮਿਸ਼ਨਰੇਟਰ ਅੰਮ੍ਰਿਤਸਰ ਟ੍ਰੈਫਿਕ ਜੀ ਦੀ ਰਹਿਨੁਮਾਈ ਹੇਠ ਨੈਸ਼ਨਲ ਰੋਡ ਸੇਫਟੀ ਮਹੀਨਾ 2024, 15 ਜਨਵਰੀ 2024 ਤੋ 14 ਫਰਵਰੀ 2024 ਨੂੰ ਮੁੱਖ ਰੱਖਦਿਆਂ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ ਐੱਸ ਆਈ ਦਲਜੀਤ ਸਿੰਘ ਅਤੇ ਉਹਨਾਂ ਦੀ ਟੀਮ ਵਲੋਂ ਪ੍ਰਿੰਸੀਪਲ ਸਰੂਪ ਰਾਣੀ ਸਰਕਾਰੀ ਕਾਲਜ ਲੜਕੀਆ ਮੈਡਮ ਡਾ: ਦਲਜੀਤ ਕੌਰ, ਸਾਂਝ ਕੇਂਦਰ ਨੋਰਥ ਇੰਸਪੈਕਟਰ ਪਰਨੀਤ ਸਿੰਘ, ਮੈਡਮ ਅਕਾਂਸ਼ਾ ਮਹਾਵੇਰੀਆ ਨਹਿਰੂ ਯੁਵਾ ਕੇਂਦਰ ਅੰਮ੍ਰਿਤਸਰ, ਸਰੂਪ ਰਾਣੀ ਕਾਲਜ ਦੇ ਬੱਚਿਆ ਨਾਲ ਟ੍ਰੈਫਿਕ ਸੈਮੀਨਾਰ ਕੀਤਾ ਗਿਆ ਉਹਨਾਂ ਨੂੰ ਰੋਡ ਸਾਇਨ ਬਾਰੇ ਦੱਸਿਆ ਗਿਆ ਬੱਚਿਆ ਨੂੰ ਟ੍ਰੈਫਿਕ ਨਿਯਮਾ ਦੀ ਪਾਲਣਾ ਕਰਨ ਬਾਰੇ ਜਾਗਰੂਕ ਕੀਤਾ ਗਿਆ, ਹੈਲਮੇਟ, ਸੀਟ ਬੈਲਟ ਬਾਰੇ ਦੱਸਿਆ ਗਿਆ ਬੱਚਿਆ ਨੂੰ ਹੋ ਰਹੇ ਹਾਦਸਿਆਂ ਤੋ ਬਚਣ ਲਈ ਟ੍ਰੈਫਿਕ ਰੂਲਜ਼ ਫੋਲੋ ਕਰਨ ਲਈ ਦੱਸਿਆ ਗਿਆ ਇੰਸਪੈਕਟਰ ਪਰਨੀਤ ਸਿੰਘ ਵਲੋ ਸਾਂਝ ਕੇਂਦਰ ਦੀਆ ਸੇਵਾਵਾ ਬਾਰੇ ਜਾਣਕਾਰੀ ਦਿੱਤੀ ਗਈ ਬੱਚਿਆ ਨਾਲ ਟ੍ਰੈਫਿਕ ਸੈਮੀਨਾਰ ਲਗਾਇਆ ਗਿਆ ਅਤੇ ਉਹਨਾਂ ਨਾਲ ਟ੍ਰੈਫਿਕ ਨਿਯਮਾ ਨੂੰ ਦਰਸਾਉਂਦਾ ਇਕ ਰੋਡ ਸ਼ੋ ਕੀਤਾ ਗਿਆ ਜਿਸ ਵਿਚ ਬੱਚਿਆ ਨੇ ਟ੍ਰੈਫਿਕ ਸਲੋਗਨ ਲਿਖੀਆਂ ਤਖਤੀਆ ਹੱਥ ਵਿੱਚ ਫੜ ਕੇ ਪੈਦਲ ਮਾਰਚ ਕੀਤਾ ਇਸ ਤਰਾ ਸਾਡਾ ਨੈਸ਼ਨਲ ਰੋਡ ਸੇਫਟੀ ਮਹੀਨਾ ਮਨਾਇਆ ਜਾ ਰਿਹਾ ਹੈ ਇਸਦਾ ਮੇਨ ਮਕਸਦ ਹੋ ਰਹੇ ਹਾਦਸਿਆਂ ਨੂੰ ਘਟਾਉਣਾ ਅਤੇ ਲੋਕਾ ਨੂੰ ਜਾਗਰੂਕ ਕਰਨਾ ਹੈ ਤਾ ਜੋ ਜ਼ਿੰਦਗੀ ਵਿਚ ਹੋ ਰਹੇ ਹਾਦਸਿਆ ਨੂੰ ਘਟ ਕੀਤਾ ਜਾ ਸਕੇ ਅਤੇ ਲੋਕ ਟ੍ਰੈਫਿਕ ਰੂਲ ਫੂਲੋ ਕਰਨ ਇਸ ਤੋ ਇਲਾਵਾ ਸੇਂਟ ਫ੍ਰਾਂਸਿਸ ਸਕੂਲ ਵੈਨ ਦੇ ਡਰਾਈਵਰਾ ਨੂੰ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਜਾਗਰੂਕ ਕੀਤਾ ਅਤੇ ਟ੍ਰੈਫਿਕ ਨਿਯਮਾ ਬਾਰੇ ਦੱਸਿਆ ਗਿਆ ਇਸ ਮੌਕੇ ਕਾਲਜ ਪ੍ਰਿੰਸੀਪਲ ਡਾਕਟਰ ਦਲਜੀਤ ਕੌਰ ਮੈਡਮ ਅਕਾਂਸ਼ਾ ਮਹਾਵੇਰੀਆ ਨਹਿਰੂ ਯੁਵਾ ਕੇਂਦਰ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ

# ਰਾਮ ਮੰਦਰ ਦੇ ਬਹਾਨੇ ਹਿੰਦੂ ਰਾਸ਼ਟਰ ਦੀ ਨੀਂਹ ਰੱਖੀ ਜਾ ਰਹੀ, ਸਿੱਖ ਇਸ ਦਾ ਹਿੱਸਾ ਨਾ ਬਣਨ : ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ

## ਸਿੱਖਾਂ ਨੂੰ ਬੇਵਜ੍ਹਾ ਹਿੰਦੂਆਂ ਤੇ ਮੁਸਲਮਾਨਾਂ ਦੀ ਲੜਾਈ 'ਚ ਧੱਕਿਆ ਜਾ ਰਿਹਾ – ਭਾਈ ਰਣਜੀਤ ਸਿੰਘ



**ਅੰਮ੍ਰਿਤਸਰ, 18 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਅਯੋਧਿਆ 'ਚ ਰਾਮ ਮੰਦਰ ਦੇ ਬਹਾਨੇ ਹਿੰਦੂ ਰਾਸ਼ਟਰ ਦੀ ਨੀਂਹ ਰੱਖੀ ਜਾ ਰਹੀ ਹੈ। ਜਿੱਥੇ ਸਿੱਖਾਂ ਅਤੇ ਹੋਰ ਘੱਟ-ਗਿਣਤੀ ਕੌਮਾਂ ਦਾ ਜਿਊਣਾ ਦੁੱਭਰ ਹੋ ਜਾਵੇਗਾ। ਇਸ ਵਕਤ ਹਿੰਦੂ ਰਾਸ਼ਟਰਵਾਦ ਸਿਖ਼ਰਾਂ 'ਤੇ ਹੈ, ਤੇ ਸਿੱਖਾਂ ਨੂੰ ਇੱਕ ਸਾਜ਼ਿਸ਼ ਤਹਿਤ ਰਾਮ ਮੰਦਰ ਦੇ ਮਾਮਲੇ ਅਤੇ ਵਿਵਾਦ ਨਾਲ ਜੋੜਿਆ ਜਾ ਰਿਹਾ ਹੈ। ਇਸ ਨਾਲ ਜਿੱਥੇ ਸਿੱਖਾਂ ਦੀ ਵੱਖਰੀ, ਨਿਆਰੀ ਤੇ ਅੱਡਰੀ ਹੋਂਦ-ਹਸਤੀ ਨੂੰ ਖੋਰਾ ਲੱਗੇਗਾ ਉਥੇ ਮੁਸਲਮਾਨ ਭਾਈਚਾਰੇ ਵਿੱਚ ਸਿੱਖਾਂ ਪ੍ਰਤੀ ਨਫ਼ਰਤ ਪੈਦਾ ਹੋਵੇਗੀ ਕਿਉਂਕਿ ਬਾਬਰੀ ਮਸਜਿਦ ਨੂੰ ਢਾਹ ਕੇ ਇੱਥੇ ਰਾਮ ਮੰਦਰ ਉਸਾਰਿਆ ਜਾ ਰਿਹਾ ਹੈ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ/ਸੰਦੇਸ਼ ਜਾਰੀ ਹੋਣਾ ਹੋਣਾ ਚਾਹੀਦਾ ਹੈ ਕਿ ਕੋਈ ਵੀ ਸਿੱਖ 22 ਜਨਵਰੀ 2024 ਨੂੰ ਰਾਮ ਮੰਦਰ 'ਚ ਹੋਣ ਵਾਲੇ ਸਮਾਗਮ ਵਿੱਚ ਹਾਜ਼ਰ ਨਾ ਹੋਵੇ। ਜੇ ਤਖ਼ਤਾਂ ਦੇ ਜਥੇਦਾਰਾਂ, ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਸਿੱਖ ਸੰਪਰਦਾਵਾਂ ਦੇ ਮੁਖੀਆਂ ਨੇ ਸਪੱਸ਼ਟ ਸਟੈਂਡ ਨਾ ਲਿਆ ਤਾਂ ਭਵਿੱਖ 'ਚ ਇਸ ਦੇ ਖ਼ਤਰਨਾਕ ਸਿੱਟੇ ਨਿਕਲਣਗੇ, ਸਿੱਖਾਂ ਨੂੰ ਫ਼ਿਰਕੂ ਹਿੰਦੁਤਵੀਆਂ ਦੇ ਡੂੰਘੇ ਅਤੇ ਖਾਰੇ ਸਮੁੰਦਰ 'ਚ ਡੁੱਬਣ ਤੋਂ ਬਚਾਉਣ ਲਈ ਇਹ ਸਮਾਂ ਬਹੁਤ ਅਹਿਮ ਹੈ। ਹਿੰਦੁਤਵੀਆਂ ਨੂੰ ਰਾਮ ਮੰਦਰ ਦੇ ਤਾਂ ਚਾਅ ਚੜ੍ਹੇ ਪਏ ਹਨ ਪਰ ਸਿੱਖਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਗੁਰਦੁਆਰਾ ਮਟਨ ਸਾਹਿਬ ਕਸ਼ਮੀਰ, ਗੁਰਦੁਆਰਾ ਡਾਂਗਮਾਰ ਸਾਹਿਬ ਸਿੱਕਮ, ਗੁਰਦੁਆਰਾ ਹਰਿ ਕੀ ਪਉੜੀ, ਗੁਰਦੁਆਰਾ ਗਿਆਨ ਗੋਦੜੀ ਹਰਿਦੁਆਰ, ਗੁਰਦੁਆਰਾ ਮੰਗੂ ਮੱਠ, ਗੁਰਦੁਆਰਾ ਪਊਆ ਸਾਹਿਬ ਗਵਾਲੀਅਰ ਸਮੇਤ ਬੇਸ਼ੁਮਾਰ ਗੁਰਦੁਆਰਿਆਂ 'ਤੇ ਹਿੰਦੂਆਂ ਨੇ ਕਬਜਾ ਕੀਤਾ ਹੋਇਆ ਹੈ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਬਾਦਲ ਦਲ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਥਾਪੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਜਿਸ ਦਿਨ ਦਾ ਰਾਮ ਮੰਦਰ ਲਈ ਸੱਦਾ ਪੱਤਰ ਆਇਆ ਹੈ ਓਸੇ ਦਿਨ ਤੋਂ ਖ਼ਾਲਸਾ ਪੰਥ ਉਡੀਕ ਰਿਹਾ ਹੈ ਕਿ ਜਥੇਦਾਰ ਆਪਣੀ ਚੁੱਪੀ ਤੋੜਨ, ਆਪਣਾ ਸਟੈਂਡ ਵੀ ਖੁੱਲ੍ਹ ਕੇ ਪੰਥ ਦੇ ਸਾਹਮਣੇ ਰੱਖਣ ਤੇ ਸਿੱਖਾਂ ਨੂੰ ਰਾਮ ਮੰਦਰ ਵਿੱਚ ਪ੍ਰਾਣ ਪ੍ਰਤਿਸ਼ਠਾ 'ਚ ਜਾਣ ਤੋਂ ਛੇਤੀ ਆਦੇਸ਼ ਜਾਰੀ ਕਰਨ। ਦੂਜੇ ਪਾਸੇ ਚਾਰੇ ਹਿੰਦੂ ਧਾਮਾਂ ਦੇ ਸ਼ੰਕਰਾਚਾਰੀਆ ਵੀ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਤੋਂ ਮਨ੍ਹਾਂ ਕਰ ਚੁੱਕੇ ਹਨ, ਉਹ ਵੀ ਸਮਝ ਚੁੱਕੇ ਹਨ ਕਿ ਇੱਥੇ ਸਿਰਫ਼ ਗੰਧਲੀ ਸਿਆਸਤ ਹੋ ਰਹੀ ਹੈ। ਰਾਮ ਮੰਦਰ 'ਚ ਰਾਮ ਦੀ ਜੈ-ਜੈਕਾਰ ਘੱਟ ਤੇ ਮੋਦੀ ਅਤੇ ਹਿੰਦੂ ਰਾਸ਼ਟਰ ਦੀ ਜੈ-ਜੈ ਵੱਧ ਹੋਵੇਗੀ। ਰਾਮ ਮੰਦਰ ਸਮਾਗਮ ਵਿੱਚ ਕਿਸੇ ਵੀ ਜਥੇਦਾਰ ਜਾਂ ਸਿੱਖ ਦੇ ਜਾਣ ਨਾਲ ਸਿੱਖੀ ਸਿਧਾਂਤਾਂ ਨੂੰ ਸੱਟ ਵੱਜੇਗੀ। ਬਾਬਰੀ ਮਸਜਿਦ ਤੇ ਰਾਮ ਜਨਮ ਭੂਮੀ ਮਸਲੇ 'ਚ ਜਦ ਸੁਪਰੀਮ ਕੋਰਟ ਨੇ ਫ਼ੈਸਲਾ ਸੁਣਾਇਆ ਸੀ ਤਾਂ ਇਸ ਲੜਾਈ 'ਚ ਵੀ ਹਿੰਦੂਆਂ ਨੇ ਬੜੀ ਚਲਾਕੀ ਨਾਲ ਸਿੱਖਾਂ ਨੂੰ ਧਿਰ ਬਣਾ ਲਿਆ ਸੀ, ਸਿੱਖਾਂ ਨੂੰ ਬੇਵਜ੍ਹਾ ਹਿੰਦੂਆਂ ਤੇ ਮੁਸਲਮਾਨਾਂ ਦੀ ਲੜਾਈ ਅਤੇ ਵਿਵਾਦ 'ਚ ਧੱਕਿਆ ਜਾ ਰਿਹਾ ਹੈ। ਹਰੇਕ ਸਿੱਖ ਨੂੰ ਸੁਚੇਤ ਰਹਿਣ ਅਤੇ ਜਾਗਣ ਦੀ ਲੋੜ ਹੈ।

# ਬੇ-ਸ਼ਰਮ ਜਨਾਨੀ

ਸੋਨੀ- ਰੱਜੋ ਦੀਦੀ, ਪਤਾ ਲੱਗਾ ਨਵਾਂ ਕਾਂਡ ਜਾਂ ਨਹੀਂ?

ਰੱਜੋ- ਨੀਂ ਕੀ ਹੋ ਗਿਆ ਹੁਣ?

ਸੋਨੀ- ਉਹ ਜਗਦੇਵ ਅੰਕਲ ਦੀ ਧੀ ਰੂਬੀ ਘਰੋਂ ਕੱਢ ਦਿੱਤੀ ਸੋਹਰਿਆਂ ਨੇ

ਰੱਜੋ- ਨੀਂ ਆਹੋ, ਦੱਸਿਆ ਮੇਰੇ ਨਾਲ ਦੇ ਨੇ, ਕਹਿੰਦਾ ਸੀ ਕਿ ਰੂਬੀ ਦੇ ਸੁਹਰਿਆਂ ਨੇ ਚੰਗਾ ਛਿੱਤਰ ਪਰੇਡ ਕੀਤੀ ਰੂਬੀ ਦੀ

ਸੋਨੀ- ਆਹੋ ਮੈਂ ਵੀ ਸੁਣਿਆ, ਮੇਰੇ ਵਾਲਾ ਕਹਿੰਦਾ ਰੂਬੀ ਦੇ ਸਹੁਰੇ ਕਹਿੰਦੇ, ਰੂਬੀ ਦਾ ਚਰਿੱਤਰ ਠੀਕ ਨਹੀਂ ਤਾਂ ਕੱਢ ਕੇ ਬਾਹਰ ਮਾਰੀ ਸਹੁਰਿਆਂ ਨੇ

ਰੱਜੋ- ਮੈਨੂੰ ਤਾਂ ਪਹਿਲਾਂ ਹੀ ਰੂਬੀ ਦੇ ਲੱਛਣ ਠੀਕ ਨਹੀਂ ਸੀ ਲੱਗਦੇ, ਉਸਦੇ ਵਣ ਸੁਵੰਨੇ ਕੱਪੜੇ ਦੇਖੇ ਸੀ, ਨਿੱਤ ਨਵਾਂ ਫੈਸ਼ਨ ਹੁੰਦਾ ਸੀ

ਸੋਨੀ- ਹੋਰ ਕੀ ਰੱਜੋ ਦੀਦੀ, ਕਿਵੇਂ ਬਣ ਠਣ ਕੇ ਆਉਂਦੀ ਹੁੰਦੀ ਸੀ ਸੋਹਰਿਆਂ ਤੋਂ ਬੇ-ਸ਼ਰਮ ਜਨਾਨੀ

ਰੱਜੋ- ਨੀ ਮੇਰੇ ਤਾਂ ਨਿਆਣੇ ਹਰ ਵੇਲੇ ਉਸ ਬੇ-ਸ਼ਰਮ ਜਨਾਨੀ ਦੇ ਮੁੰਡੇ ਦੇ ਕੱਪੜੇ ਤੇ ਬੂਟ ਦੇਖ ਕੇ ਰੋਂਦੇ ਰਹਿੰਦੇ ਹੁੰਦੇ ਸੀ, ਹੁਣ ਆਊ ਅਕਲ ਠਿਕਾਣੇ ਉਸ ਬੇ-ਸ਼ਰਮ ਜਨਾਨੀ ਦੀ, ਹੁਣ ਦੇਖਾਂਗੇ ਕਿਵੇਂ ਟੌਰ ਕੱਢਿਆ ਕਰੂ

(ਰੱਜੋ ਤੇ ਸੋਨੀ ਠਹਾਕਾ ਲੱਗਾ ਕੇ ਹੱਸ ਪਈਆਂ)

ਨੀਰੂ- ਨੀ ਫੌਜਨੇ, ਰੂਬੀ ਦਿਖੀ ਨਹੀਂ ਜਿਸ ਦਿਨ ਦੀ ਸੁਹਰਿਆਂ ਨੇ ਘਰੋਂ ਕੱਢੀ ਆ?

ਫੌਜਨ- ਸੁਣਿਆ ਤਸੱਲੀ ਨਾਲ ਘਰਵਾਲੇ ਨੇ ਛਿੱਲੀ ਆ, ਜਬਾੜਾ ਟੁੱਟਾ ਪਿਆ ਏ, ਗੁੱਟ ਤੇ ਵੀ ਕਹਿੰਦੇ ਪਲਸਤਰ ਲੱਗਾ ਏ

ਨੀਰੂ- ਅੱਛਾ, ਪੁਲਿਸ ਬੜੇ ਚੱਕਰ ਮਾਰਦੀ ਰੂਬੀ ਦੇ ਘਰੇ

ਫੌਜਨ- ਇਹੋ ਜਿਹੀਆ ਬੇਸ਼ਰਮਾਂ ਦੇ ਘਰ ਹੁਣ ਪੁਲਿਸ ਨੇ ਹੀ ਗੇੜੇ ਮਾਰਣੇ

ਨੀਰੂ- ਹੋਰ ਕੀ ਭੈਣੇ, ਜੇਕਰ ਚੰਗੀ ਹੁੰਦੀ ਤਾਂ ਸੋਹਰੇ ਨਾ ਟਿੱਕ ਕੇ ਰਹਿੰਦੀ

ਫੌਜਨ- ਕਹਿੰਦੇ ਲੱਛਣ ਹੀ ਮਾੜੇ ਸੀ ਰੂਬੀ ਦੇ ਤਾਂ ਹੀ ਤੇ ਸੁਹਰਿਆਂ ਨੇ ਛੱਡ ਦਿੱਤੀ

ਨੀਰੂ- ਆਏ ਹਾਏ ਕਿੰਨੀ ਬੇਸ਼ਰਮ ਜਨਾਨੀ ਏ, ਲੱਖ ਲਾਹਨਤਾਂ, ਪੁੱਤ ਨੂੰ ਕੀ ਕਹੇਗੀ ਵੱਡੇ ਹੋਏ ਨੂੰ

ਫੌਜਨ- ਕਹਿਣਾ ਕਿ ਆ ਭੈਣੇ ਪੁੱਤ ਵੀ ਤਾਂ ਆਪਣੇ ਪਿਉ ਤੇ ਹੀ ਜਾਊ, ਵੇਖ ਲਈ ਛਿੱਤਰ ਮਾਰ ਕੇ ਹੀ ਘਰੋਂ ਕੱਢੇਗਾ ਇਸ ਬੇਸ਼ਰਮ ਜਨਾਨੀ ਨੂੰ

ਰਾਜੂ-ਵੀਰ ਕਮਲ, ਮੈਂ ਸੁਣਿਆ ਰੂਬੀ ਦੇ ਘਰਵਾਲੇ ਨੇ ਹੋਰ ਵਿਆਹ ਕਰਵਾ ਲਿਆ?

ਕਮਲ- ਆਹੋ ਭਰਾ, ਮੈਂ ਵੀ ਸੁਣਿਆ ਏ

ਰਾਜੂ- ਪਰ ਅਜੇ ਤੱਕ ਰੂਬੀ ਦਾ ਤਲਾਕ ਤਾਂ ਹੋਇਆ ਨਹੀਂ?

ਕਮਲ- ਉ ਵੀਰਾ, ਉਹ ਤਾਂ ਪਹਿਲਾਂ ਹੀ ਆਪਣੀ ਸਹੇਲੀ ਲਈ ਫਿਰਦਾ ਸੀ, ਰੂਬੀ ਚੂੰ- ਚਾਂ ਕਰਦੀ ਸੀ ਉਨੇਂ ਕੱਢ ਕੇ ਬਾਹਰ ਮਾਰੀ

ਰਾਜੂ- ਦਰਅਸਲ ਵੀਰ ਰੂਬੀ ਨੂੰ ਖਾਣਾ ਨਹੀਂ ਆਇਆ, ਚੰਗੇ ਘਰ ਬੈਠੀ ਸੀ, ਰਾਜ ਕਰਾਉਂਦਾ ਸੀ ਰੂਬੀ ਦਾ ਘਰਵਾਲਾ

ਕਮਲ- ਗੱਲ ਤਾਂ ਸਹੀ ਭਰਾ ਤੇਰੀ

ਰਾਜੂ- ਇਹ ਵੱਡੀ ਝਾਂਸੀ ਬਣਦੀ ਸੀ ਉਸਦੇ ਸਾਹਮਣੇ, ਕਿ ਕਿਸੇ ਹੋਰ ਜਨਾਨੀ ਨਾਲ ਨਾ ਤੁਰ ਫਿਰ

ਕਮਲ- ਲੈ ਦੱਸ ਬੰਦੇ ਦਾ ਦਿਲ ਜਿਸ ਨਾਲ ਮਿਲੇਗਾ ਉਸ ਨਾਲ ਹੀ ਰਹੇਗਾ

ਰਾਜੂ- ਜਿਹੜੀ ਰੂਬੀ ਦੀ ਸੌਂਕਣ ਆ ਉਹ ਵੀ ਬੜੀ ਸੋਹਣੀ ਆ, ਮੈਂ ਇੱਕ ਦਿਨ ਵੇਖਿਆ ਸੀ ਦੋਨਾਂ ਨੂੰ

ਕਮਲ- ਭਰਾ ਸੋਹਣੀ ਤਾਂ ਰੂਬੀ ਕਿਹੜਾ ਘੱਟ ਆ, ਪਰ ਹੁਣ ਰੂਬੀ ਘਰੋਂ ਬਾਹਰ ਨਹੀਂ ਨਿਕਲਦੀ

ਰਾਜੂ- ਕਿਹੜੇ ਮੂੰਹ ਨਾਲ ਨਿਕਲੇ ਬਾਹਰ, ਸਭ ਨੂੰ ਪਤਾ ਛੱਡੀ ਹੋਈ ਜਨਾਨੀ ਆ

ਕਮਲ- ਵੀਰ ਭਾਬੀ ਨੂੰ ਪੁੱਛੀ ਖੌਰੇ ਉਸਨੂੰ ਮਿਲੀ ਹੋਵੇ

ਰਾਜੂ- ਉ ਨਾ ਭਰਾ, ਮੈਂ ਆਪਣੀ ਵਹੁੱਟੀ ਨੂੰ ਹਿਦਾਇਤ ਕੀਤੀ ਆ ਰੂਬੀ ਤੋਂ ਪਰਾਂ ਰਹਿਣ ਦੀ

ਕਮਲ- ਪਰ ਕਿਉਂ

ਰਾਜੂ- ਤੈਨੂੰ ਨਹੀਂ ਪਤਾ, ਇਹ ਬੇਸ਼ਰਮ ਜਨਾਨੀ ਨਿੱਤ ਥਾਣੇ ਪਹੁੰਚੀ ਹੁੰਦੀ ਆ, ਅਖੇ ਇਨਸਾਫ ਚਾਹੀਦਾ ਮੈਨੂੰ

ਕਮਲ-ਅੱਛਾ, ਲਗਦਾ ਘਰਵਾਲੇ ਤੇ ਪਰਚਾ ਕਰਵਾਊ ਹੁਣ ਰੂਬੀ

ਰਾਜੂ- ਉ ਨਹੀਂ ਵੀਰ, ਇੱਦਾਂ ਦੀਆਂ ਬੇਸ਼ਰਮ ਜਨਾਨੀਆਂ ਦੀ ਕੌਣ ਸੁਣਦਾ, ਉਸਦੇ ਘਰਵਾਲੇ ਦੀ ਸਰਕਾਰੇ ਦਰਬਾਰੇ ਪੂਰੀ ਪੁਹੰਚ ਆ ਤਾਂ ਹੀ ਤੇ ਉਸਨੇ ਇਸਨੂੰ ਰੱਜ ਕੇ ਛਿੱਤਰ ਵੀ ਫੇਰਿਆ, ਤਲਾਕ ਵੀ ਨਹੀਂ ਦਿੱਤਾ ਅਤੇ ਟੌਹਰ ਨਾਲ ਦੂਜਾ ਵਿਆਹ ਕਰਵਾ ਕੇ ਘੁੰਮਦਾ ਏ

ਕਮਲ- ਰੂਬੀ ਦਾ ਕੀ ਬਣੂ ਹੁਣ

ਰਾਜੂ- ਬਨਣਾ ਕਿ ਇਸਦਾ, ਇਹੋ ਜਿਹੀਆਂ ਬੇਸ਼ਰਮਾਂ ਧੱਕੇ ਖਾਂਦੀਆਂ ਨੇ

ਕਮਲ- ਨਾ ਭਰਾ ਇਵੇਂ ਨਾ ਕਹਿ, ਧੱਕੇ ਨਹੀਂ ਖਾਣ ਦਿੰਦੇ ਅਸੀਂ, ਇਹੋ ਜਿਹੀਆਂ ਬੇਸ਼ਰਮਾਂ ਦੀ ਸ਼ਰਮ ਲਾਉਣ ਲਈ ਅਸੀਂ ਹੈਗੇ ਹਾਂ

(ਰਾਜੂ ਤੇ ਕਮਲ ਠਹਾਕਾ ਲਗਾ ਕੇ ਹੱਸ ਪਏ)

ਰਾਜੂ- ਤੈਨੂੰ ਕੀ ਲੱਗਦਾ ਚੜੂ ਆਪਣੇ ਅੜਿੱਕੇ ਰੂਬੀ?

ਕਮਲ- ਲਾਉਂਣੇ ਆ ਕੋਈ ਜੁਗਾੜ

ਰਾਜੂ- ਮੈਨੂੰ ਦੱਸੀਂ ਜੇਕਰ ਬਣੀ ਗੱਲ, ਅੱਖ ਤਾਂ ਮੇਰੀ ਵੀ ਬੜੇ ਚਿਰ ਤੋਂ ਆ ਰੂਬੀ ਤੇ ਪਰ ਸਾਲੀ ਅੱਖ ਚੁੱਕ ਕੇ ਵੇਖਦੀ ਤੱਕ ਨਹੀਂ

ਕਮਲ-ਕੋਈ ਨਾ ਵੀਰ ਹੁਣ ਇਹ ਆਪਣੇ ਜੋਗੀ ਹੀ ਆ, ਬੇਫਿਕਰ ਰਹਿ, ਇਸ ਬੇਸ਼ਰਮ ਜਨਾਨੀ ਦਾ ਹੁਣ ਨਹੀਂ ਵਿਆਹ ਹੋਣਾ

ਸਰਬ-ਕੰਤੋ, ਤੂੰ ਰੂਬੀ ਨੂੰ ਕਹਿੰਦੀ ਕਿਉਂ ਨਹੀਂ ਕੁਝ, ਸਾਰੀ ਤਨਖਾਹ ਆਪਣੇ ਪੁੱਤ ਤੇ ਲੁਟਾਈ ਜਾਂਦੀ ਆ, ਅਖੀਰ ਤੂੰ ਭਰਜਾਈ ਆ, ਟੋਕਿਆ ਕਰ ਉਸਨੂੰ, ਉਸੇ ਪਿਉ ਦਾ ਹੀ ਆ, ਸੱਪ ਦੇ ਬੱਚੇ ਨੂੰ ਜਿੰਨਾਂ ਮਰਜੀ ਦੁੱਧ ਪਿਆ ਕੇ ਪਾਲ ਲਵੇ ਅਖੀਰ ਉਸਨੇ ਡੰਘਣਾ ਹੀ ਆ

ਕੰਤੋ- ਰਹਿਣ ਦੋ ਜੀ, ਤੁਹਾਡੀ ਭੈਣ ਨੂੰ ਇਹ ਬੜੀ ਵਾਰ ਸਮਝਾ ਕੇ ਦੇਖ ਲਿਆ ਮੈਂ, ਅੱਗੋਂ ਕਹਿੰਦੀ ਇਹ ਉਸਦਾ ਪੁੱਤ ਨਹੀਂ ਮੇਰਾ ਪੁੱਤ ਏ, ਅਗਲੀ ਨੂੰ ਆਪਣੀ ਕਮਾਈ ਦਾ ਹੰਕਾਰ ਵੀ ਬੜਾ, ਵੇਖਿਆ ਨਹੀਂ ਜੇ ਕਿਵੇਂ ਆਪਣੇ ਪੁੱਤ ਨਾਲ ਟੌਹਰ ਨਾਲ ਅੱਡ ਘਰ ਵਿੱਚ ਰਹਿੰਦੀ ਜੇ

ਸਰਬ-ਬਾਹਲੀ ਬੇਸ਼ਰਮ ਆ ਰੂਬੀ, ਭਰਾ ਭਰਜਾਈ ਦੀ ਤਾਂ ਉਸਦੀ ਨਜਰ ਵਿੱਚ ਕਦਰ ਹੀ ਨਹੀਂ

ਕੰਤੋ- ਹੋਰ ਜੀ, ਬੇਸ਼ਰਮ ਤਾਂ ਪੂਰੀ ਆ, ਘਰਵਾਲੇ ਨੇ ਛੱਡੀ ਹੋਈ



ਆ, ਫਿਰ ਵੀ ਦੇਖੋ ਬਣ ਠਣ ਕੇ ਨੌਕਰੀ ਤੇ ਜਾਂਦੀ ਆ। ਖੌਰੇ ਬਾਹਰ ਬੇਸ਼ਰਮ ਜਨਾਨੀ ਨੇ ਕਿੰਨੇ ਯਾਰ ਬਣਾਏ ਹੋਏ ਨੇ

ਸਰਬ- ਕੀ, ਕੋਈ ਗੱਲ ਸਾਹਮਣੇ ਆਈ

ਕੰਤੋ- ਅਜੇ ਤੱਕ ਤਾਂ ਆਈ ਨਹੀਂ, ਜਲਦੀ ਆ ਜਾਊ ਸਾਹਮਣੇ

ਸਰਬ- ਬੇਸ਼ਰਮ ਜਨਾਨੀ ਕਿਸੇ ਥਾਂ ਦੀ, ਇਸਨੇ ਤਾਂ ਮੈਨੂੰ ਘਰ ਬਾਹਰ ਮੂੰਹ ਦੇਣ ਜੋਗੇ ਨਹੀਂ ਛੱਡਿਆ

ਇੱਕ ਗਵਾਂਡਣ- ਭੈਣੇ ਮੈਂ ਸੁਣਿਆ ਤੂੰ ਜਗਰਾਤੇ ਤੇ ਉਸ ਕਿਰਾਏਦਾਰਨੀ ਨੂੰ ਵੀ ਸੱਦਿਆ ਆ

ਦੂਜੀ ਗਵਾਂਡਣ- ਕਿਹੜੀ, ਜਿਹੜੀ ਜੀਤੋ ਆਂਟੀ ਦੇ ਘਰ ਕਿਰਾਏ ਤੇ ਆਈ ਆ, ਆਹੋ ਉਸ ਦਾ ਨਾਮ ਰੂਬੀ ਆ, ਉਸਦਾ ਮੁੰਡਾ ਮੇਰੇ ਮੁੰਡੇ ਨਾਲ ਸਕੂਲ ਪੜਦਾ ਆ

ਇੱਕ ਗਵਾਂਡਣ- ਤੈਨੂੰ ਪਤਾ ਉਸਦੇ ਘਰਵਾਲੇ ਨੇ ਉਸਨੂੰ ਛੱਡਿਆ ਹੋਇਆ ਏ

ਦੂਜੀ ਗਵਾਂਡਣ- ਹਾਂ ਸੁਣਿਆ ਸੀ ਮੈਂ

ਇੱਕ ਗਵਾਂਡਣ- ਫਿਰ ਸਾਡੇ ਵਰਗੀਆਂ ਸੁਹਾਗਣਾ ਭਾਗਣਾ ਦੇ ਵਿੱਚ ਇਸ ਕੁਦੇਸਣ ਦਾ ਕਿ ਕੰਮ

ਦੂਜੀ ਗਵਾਂਡਣ- ਨੀ ਇਹ ਤਾਂ ਮੈਂ ਸੋਚਿਆ ਹੀ ਨਹੀਂ, ਹੁਣ ਕਿਵੇਂ ਉਸਨੂੰ ਮੈਂ ਮਣਾ ਕਰ ਜਗਰਾਤੇ ਤੇ ਆਉਣ ਤੋਂ, ਗੁੱਸਾ ਨਾ ਕਰ ਜਾਏ

ਇੱਕ ਗਵਾਂਡਣ- ਲੈ ਐਹੋ ਜਿਹੀਆਂ ਬੇਸ਼ਰਮ ਜਨਾਨੀਆਂ ਦੇ ਗੁੱਸੇ ਹੋਣ ਨਾਲ ਸਾਨੂੰ ਕੀ ਫਰਕ ਪੈਂਦਾ, ਜਾ ਮਣਾ ਕਰਕੇ ਆ ਉਸਨੂੰ

ਦੂਜੀ ਗਵਾਂਡਣ- ਹਾਂ ਭੈਣੇ ਗੱਲ ਤਾਂ ਤੇਰੀ ਸਹੀ ਆ, ਹੁਣੇ ਆਈ ਮੈਂ ਉਸਨੂੰ ਰੋਕ ਕੇ

ਥੋੜੀ ਦੇਰ ਬਾਦ

ਇੱਕ ਗਵਾਂਡਣ- ਹਾਂ ਰੋਕ ਆਈ ਉਸ ਕਦੇਸਣ ਨੂੰ ਜਾਂ ਨਹੀਂ

ਦੂਜੀ ਗਵਾਂਡਣ- ਨੀ ਭੈਣੇ ਤੂੰ ਸੱਚੀ ਸੀ, ਰੂਬੀ ਤਾਂ ਬੜੀ ਬੇਸ਼ਰਮ ਜਨਾਨੀ ਆ, ਮੈਂ ਕਿਹਾ ਤੁਸੀਂ ਸਾਡੇ ਘਰ ਨਾ ਆਇਉ, ਕਈਆਂ ਨੂੰ ਇਤਰਾਜ ਏ, ਤਾਂ ਅੱਗੋ ਹੱਸ ਕੇ ਕਹਿੰਦੀ ਜੀ ਕੋਈ ਗੱਲ ਨਹੀਂ ਖੁਸ਼ ਰਹੋ

ਇੱਕ ਗਵਾਂਡਣ- ਵੇਖਿਆ ਮੈਂ ਪਹਿਲਾਂ ਹੀ ਕਹਿ ਦਿੱਤਾ ਸੀ ਬਾਹਲੀ ਬੇਸ਼ਰਮ ਜਨਾਨੀ ਆ ਰੂਬੀ, ਇਸਨੂੰ ਬੁਲਾਉਣ ਦੀ ਲੋੜ ਨਹੀਂ

ਗੀਤ- ਰੂਬੀ ਮੇਰੀ ਸਹੇਲੀ ਹੈ, ਤੁਸੀਂ ਸਭ ਕਿਉਂ ਉਸ ਨਾਲ ਨਜਦੀਕੀਆਂ ਬਣ ਰਹੇ ਹੋ ਮੈਨੂੰ ਸਮਝ ਨਹੀਂ ਆ ਰਹੀ

ਕਾਜਲ- ਪਰ ਦੀਦੀ ਤੁਸੀਂ ਉਨਾਂ ਨੂੰ ਘਰ ਲੈ ਆਉਂਦੇ ਹੋ ਤਾਂ ਉਨਾਂ ਨਾਲ ਗੱਲ ਬਾਤ ਤਾਂ ਕਰਣੀ ਹੀ ਪੈਂਦੀ ਹੈ

ਗੀਤ- ਮੈਂ ਉਸਨੂੰ ਆਪਣੇ ਘਰ ਲੈ ਕੇ ਆਉਂਦੀ ਹਾਂ ਕਿਉਂਕੀ ਉਹ ਮੇਰੀ ਸਹੇਲੀ ਹੈ, ਮੈਨੂੰ ਉਸ ਤੇ ਤਰਸ ਆ ਜਾਂਦਾ ਹੈ, ਪਰ ਇਸ ਦਾ ਹਰਗਿਜ ਮਤਲਬ ਨਹੀਂ ਕਿ ਮੇਰੀ ਭਰਜਾਈ ਉਸਨੂੰ ਆਪਣੀ ਨਨਾਣ ਸਮਝਣ ਲੱਗ ਜਾਵੇ

ਕਾਜਲ-ਪਰ ਦੀਦੀ ਮੈਂ ਤਾਂ ਸਿਰਫ ਤੁਹਾਡੀ ਸਹੇਲੀ ਕਰਕੇ ਉਸ ਦਾ ਸਤਿਕਾਰ ਕਰਦੀ ਹਾਂ, ਤੁਸੀਂ ਤੁਹਾਡੇ ਬੱਚੇ ਤੁਹਾਡਾ ਪਤੀ ਤੁਹਾਡਾ ਸਾਰਾ ਸੁਹਰਾ ਪਰਿਵਾਰ ਵੀ ਤਾਂ ਉਸਦੇ ਘਰ ਜਾਂਦੇ ਹਨ ਅਤੇ ਉਹ ਵੀ ਤਾਂ ਤੁਹਾਡੇ ਘਰ ਆ ਕੇ ਰਹਿੰਦੀ ਹੈ

ਗੀਤ- ਬੱਸ ਬੱਸ ਜਿਆਦਾ ਬੋਲਣ ਦੀ ਲੋੜ ਨਹੀਂ, ਮੈਂ ਕਿਸੇ ਤੇ ਅੱਖਾਂ ਬੰਦ ਕਰ ਕੇ ਯਕੀਨ ਨਹੀਂ ਕਰਦੀ, ਮੇਰੇ ਸੁਹਰੇ ਪਰਿਵਾਰ ਵਿੱਚ ਵੀ ਬੜੀ ਚਹੇਤੀ ਬਣੀ ਫਿਰ ਦੀ ਆ ਰੂਬੀ, ਉਨਾਂ ਨੂੰ ਵੀ ਮੈਂ ਕਿਹਾ ਟਿਕਾਣੇ ਰਹਿਣ ਲਈ

ਕਾਜਲ- ਲੈ ਦੀਦੀ ਤੁਸੀਂ ਤਾਂ ਐਂਵੇ ਸ਼ੱਕ ਕਰਦੇ ਹੋ ਰੂਬੀ ਦੀਦੀ ਤੇ, ਮੈਨੂੰ ਤਾਂ ਉਹ ਸਾਊ ਜਿਹੇ ਸੁਭਾਅ ਦੀ ਲੱਗਦੀ ਆ

ਗੀਤ ਗੁੱਸੇ ਨਾਲ ਮਨ ਹੀ ਮਨ ਬੁੜਬੁੜਾਉਂਦੀ ਹੋਈ-ਬੇਸ਼ਰਮ ਜਨਾਨੀ ਮੇਰੇ ਸਹੁਰੇ ਘਰ ਤਾਂ ਸਭ ਦੀ ਚਹੇਤੀ ਬਣੀ ਹੋਈ ਸੀ, ਹੁਣ ਪੇਕੇ ਪਰਿਵਾਰ ਉੱਪਰ ਵੀ ਜਾਦੂ ਕਰ ਰਹੀ ਏ




ਰਸ਼ਿਪੰਦਰ ਕੌਰ ਗਿੱਲ
ਲੇਖਕ, ਐਂਕਰ, ਪ੍ਰਧਾਨ
ਪੀਂਘਾਂ ਸੋਚ ਦੀਆਂ
ਸਾਹਿਤ ਮੰਚ, ਪਬਲਿਕੇਸ਼ਨ
ਵੈੱਬ ਚੈਨਲ, ਮੈਗਜ਼ੀਨ
+91-9888697078


ਬੱਲੂ- ਰਾਣੋ ਵਿਆਹ ਦੇ ਕਾਰਡ ਸਾਰੇ ਵੰਡ ਆਇਆ ਮੈਂ, ਰੂਬੀ ਨੂੰ ਸੱਦਣਾ ਵਿਆਹ ਤੇ

ਰਾਣੋ- ਨਾ ਰਹਿਣ ਦਿਉ ਜੀ, ਇਹੋ ਜਿਹੀ ਕਦੇਸਣ ਦਾ ਮੇਰੀ ਧੀ ਤੇ ਪਰਛਾਵਾਂ ਵੀ ਨਾ ਪਾ ਦਿਉ

ਬੱਲੂ- ਹੈ ਤਾਂ ਮੇਰੇ ਸਕੇ ਭਰਾ ਦੀ ਧੀ ਆ ਰੂਬੀ, ਪਰ ਕੀ ਕਰਿਏ ਮੇਰਾ ਭਰਾ ਭਰਜਾਈ ਹੀ ਕਹਿੰਦੇ ਹਨ ਕਿ ਜੇਕਰ ਰੂਬੀ ਨੂੰ ਸੱਦਿਆ ਤਾਂ ਸਾਡੇ ਨੂੰਹਾਂ ਪੁੱਤਾਂ ਨੇ ਤੇਰੀ ਧੀ ਦੇ ਵਿਆਹ ਤੇ ਨਹੀਂ ਆਉਣਾ

ਰਾਣੋ- ਆਹੋ ਜੀ, ਮੇਰੇ ਸਾਹਮਣੇ ਕਈ ਵਾਰ ਰੂਬੀ ਦੇ ਭਰਾ ਤੇ ਭਰਜਾਈਆਂ ਇਹ ਗੱਲ ਕਹਿ ਹਟੇ ਨੇ, ਇਸੇ ਲਈ ਤਾਂ ਕੋਈ ਵੀ ਰਿਸ਼ਤੇਦਾਰ ਰੂਬੀ ਨੂੰ ਆਪਣੇ ਘਰ ਨਹੀਂ ਬੁਲਾਉਂਦਾ

ਬੱਲੂ- ਆਹੋ ਗੱਲ ਤਾਂ ਸਹੀ ਆ ਤੇਰੀ, ਜਦੋਂ ਰੂਬੀ ਦੇ ਘਰ ਵਾਲੇ ਹੀ ਉਸ ਨਾਲ ਵਰਤਣਾ ਨਹੀਂ ਚਾਹੁੰਦੇ ਤਾਂ ਸਾਡੀ ਕਾਹਦੀ ਰਿਸ਼ਤੇਦਾਰੀ ਉਸ ਨਾਲ

ਰਾਣੋ- ਹੋਰ ਜੀ ਨਾਲੇ ਇੱਦਾਂ ਦੀ ਬੇਸ਼ਰਮ ਜਨਾਨੀ ਤੋਂ ਆਪਣੀਆਂ ਨੂੰਹਾਂ ਧੀਆਂ ਨੂੰ ਪਰਾਂ ਹੀ ਰੱਖੋ ਖੋਰੇ ਕਦੋਂ ਮਾੜੀ ਮੱਤ ਦੇ ਜਾਵੇ

ਬੱਲੂ- ਸਹੀ ਕਿਹਾ ਤੂੰ ਰਾਣੋ, ਕਿੰਨੀ ਨਮੋਸ਼ੀ ਦੀ ਗੱਲ ਆ ਕਿ ਇਹ ਬੇਸ਼ਰਮ ਜਨਾਨੀ ਸਾਡੀ ਖਾਨਦਾਨੀ ਦੀ ਕੁੜੀ ਆ

ਗੋਪੀ-ਮੰਮੀ ਤੁਸੀਂ ਰੂਬੀ ਬਾਰੇ ਗਲਤ ਸੋਚਦੇ ਹੋ, ਉਹ ਇੱਕ ਨੇਕ ਕੁੜੀ ਆ, ਤੁਹਾਨੂੰ ਨਹੀਂ ਪਤਾ ਉਹ ਆਪਣੇ ਪੁੱਤ ਦੀ ਜਿੰਦਗੀ ਬਨਾਉਣ ਲਈ ਬਹੁਤ ਮਿਹਨਤ ਕਰਕੇ ਪੈਸੇ ਜੋੜ ਰਹੀ ਹੈ

ਮੰਮੀ-ਤੈਨੂੰ ਬੜਾ ਹੇਜ ਆਉਂਦਾ ਉਹਦਾ, ਰੂਬੀ ਨੂੰ ਘਰੇ ਨਾ ਲੈ ਕੇ ਆਇਆ ਕਰ, ਮੈਨੂੰ ਤੇਰੀ ਉਸ ਨਾਲ ਨੇੜਤਾ ਪਸੰਦ ਨਹੀਂ

ਗੋਪੀ- ਗਲਤ ਨਾ ਸੋਚੋ ਮੰਮੀ, ਮੈਂ ਸਿਰਫ ਦੋਸਤ ਹੋਣ ਦੇ ਨਾਤੇ ਉਸ ਦਾ ਸਾਥ ਦਿੰਦਾ ਹਾਂ, ਉਹ ਬਹੁਤ ਹੀ ਭੋਲੀ ਕੁੜੀ ਹੈ, ਤੁਹਾਨੂੰ ਪਤਾ ਉਸਦੇ ਪਰਿਵਾਰਕ ਮੈਂਬਰ ਵੀ ਉਸਨੂੰ ਇੱਕ ਰੁਪਏ ਦੀ ਮਦਦ ਨਹੀਂ ਕਰਦੇ, ਉਹ ਬਹੁਤ ਮੁਸ਼ਕਿਲ ਨਾਲ ਆਪਣਾ ਅਤੇ ਆਪਣੇ ਬੱਚੇ ਦਾ ਖਰਚਾ ਕਰਦੀ ਆ

ਮੰਮੀ-ਠੀਕ ਆ ਠੀਕ ਆ, ਜਿਆਦਾ ਹਿਮਾਇਤ ਨਾ ਕਰ ਉਸ ਦੀ ਆਪਣੀ ਵਹੁੱਟੀ ਤੇ ਆਪਣੇ ਬੱਚਿਆਂ ਵੱਲ ਧਿਆਨ ਰੱਖ, ਮੈਂ ਜਾਣਦੀ ਇੱਦਾਂ ਦੀਆਂ ਬੇਸ਼ਰਮ ਜਨਾਨੀਆਂ ਨੂੰ ਨਾ ਆਪ ਵੱਸਦੀਆਂ ਨਾ ਹੀ ਕਿਸੇ ਦਾ ਘਰ ਵੱਸਣ ਦਿੰਦੀਆਂ

ਜਗਦੇਵ-ਸੁੱਖ ਰੂਬੀ ਦੇ ਮੁੰਡੇ ਦਾ ਫੋਨ ਆਇਆ ਸੀ ਕਹਿੰਦਾ ਨਾਨਾ ਜੀ ਨਾਨੀ ਨੂੰ ਲੈਕੇ ਆਇਉ ਘਰ, ਕਿੰਨੇ ਦਿਨ ਹੋ ਗਏ ਤੁਸੀਂ ਘਰ ਮਿਲਣ ਨਹੀਂ ਆਏ

ਸੁੱਖ-ਰੂਬੀ ਤਾਂ ਆਪ ਘਰ ਨਹੀਂ ਹੁੰਦੀ, ਉਸਦਾ ਨੌਕਰੀ ਦਾ ਚਾਅ ਹੀ ਨਹੀਂ ਲੱਥਦਾ, ਅਖੇ ਮੁੰਡੇ ਨੂੰ ਖੂਬ ਪੜਾਉਣਾ ਮੈਂ, ਉਸ ਲਈ ਪੈਸੇ ਜੋੜਨੇ ਮੈਂ

ਜਗਦੇਵ- ਮੈਂ ਤਾਂ ਆਪ ਕਈ ਵਾਰ ਕਿਹਾ ਰੂਬੀ ਨੂੰ ਗੱਭਰੂ ਹੋਇਆ ਮੁੰਡਾ, ਕਿਸੇ ਕੰਮੇ ਲਾ ਇਸਨੂੰ, ਪਰ ਮੰਨਦੀ ਕਿੱਥੇ ਆ

ਸੁੱਖ-ਮੈਂ ਤਾਂ ਆਪ ਕਿਹਾ ਰੂਬੀ ਨੂੰ ਕਿ ਆਪ ਤੂੰ ਨੌਕਰੀ ਛੱਡ ਤੇ ਘਰ ਬੈਠ, ਮੁੰਡੇ ਨੂੰ ਕਿਸੇ ਦੁਕਾਨ ਤੇ ਲਵਾ ਦਿੰਦੇ ਹਾਂ, ਤੁਹਾਨੂੰ ਨਹੀਂ ਪਤਾ ਜੀ ਨੂੰਹਾਂ ਪੁੱਤਾਂ ਕੋਲੋਂ ਰੋਜ ਮਹਿਣੇ ਸੁਣਦੀ ਹਾਂ ਮੈਂ ਰੂਬੀ ਪਿੱਛੇ

ਜਗਦੇਵ- ਕੀ ਕਰਿਏ ਮੈਂ ਤਾਂ ਆਪ ਨਿਮੋਝੂਣਾ ਹੋਇਆ ਰਹਿੰਦਾ ਹਾਂ, ਮੈਨੂੰ ਕਹਿੰਦੀ ਆ ਮੈਂ ਪੜੀ ਲਿਖੀ ਹਾਂ ਆਪਣੇ ਮੁੰਡੇ ਨੂੰ ਪੜਾ ਕੇ ਵਿਦੇਸ਼ ਭੇਜਣਾ ਏ

ਸੁੱਖ-ਇਸ ਬੇਸ਼ਰਮ ਜਨਾਨੀ ਦੇ ਪੜੀ ਲਿਖੀ ਹੋਣ ਦੇ ਤਾਂ ਸਿਆਪੇ ਨੇ, ਨਾ ਸੁਹਰੇ ਟਿਕੀ ਨਾ ਪੇਕਿਆਂ ਦੀ ਸੁਣਦੀ ਆ

ਜਗਦੇਵ- ਸੱਚੀਂ ਲੋਕ ਵਿਖਾਵੇ ਲਈ ਰੂਬੀ ਨਾਲ ਖੜਣਾ ਪੈਂਦਾ ਏ ਨਹੀਂ ਤਾਂ ਇਸ ਬੇਸ਼ਰਮ ਜਨਾਨੀ ਨੂੰ ਆਪਣੀ ਧੀ ਕਹਿਣ ਲੱਗਿਆ ਵੀ ਸ਼ਰਮ ਆਉਂਦੀ ਏ

ਪਿੰਟੂ- ਨੀ ਰਜਨੀ ਸੁਣਿਆ ਤੇਰੀ ਭੈਣ ਰੂਬੀ ਆਪਣੇ ਮੁੰਡੇ ਨੂੰ ਵਿਦੇਸ਼ ਭੇਜਣ ਲੱਗੀ ਆ, ਉਸ ਕੋਲ ਇੰਨਾਂ ਪੈਸਾ ਕਿੱਥੋਂ ਆਇਆ

ਰਜਨੀ- ਮੈਂ ਤਾਂ ਆਪ ਹੈਰਾਨ ਹਾਂ

ਪਿੰਟੂ- ਲੱਗਦਾ ਕੋਈ ਮੋਟੀ ਸਾਮੀ ਫਸਾ ਰੱਖੀ ਤੇਰੀ ਭੈਣ ਨੇ

ਰਜਨੀ- ਮੈਨੂੰ ਕੀ ਪਤਾ ਜੀ, ਮੈਂ ਤਾਂ ਕਦੇ ਘਰੋਂ ਬਾਹਰ ਨਹੀਂ ਨਿਕਲੀ, ਮੈਨੂੰ ਕੀ ਪਤਾ ਕਿਵੇਂ ਮੋਟੀ ਸਾਮੀ ਫਸਾਈ ਦੀ ਆ

ਪਿੰਟੂ- ਜਾ ਫਿਰ ਆਪਣੀ ਭੈਣ ਨੂੰ ਪੁੱਛ ਲਾ

ਰਜਨੀ- ਨਾ ਜੀ ਮੈਨੂੰ ਤੁਸੀਂ ਵੇਖਿਆ ਕਦੇ ਉਸਦੇ ਘਰ ਜਾਂਦਿਆ ਜਾਂ ਉਸ ਨਾਲ ਗੱਲ ਕਰਦਿਆਂ

ਪਿੰਟੂ- ਲੋੜ ਵੀ ਨਹੀਂ ਜਾਣ ਦੀ ਉਹਦੇ ਵੱਲ ਕੀ ਪਤਾ ਕੀ ਕਰਦੀ ਆ ਬੇਸ਼ਰਮ ਜਨਾਨੀ, ਨਹੀਂ ਤਾਂ ਘਰਵਾਲੇ ਤੋਂ ਬਿਨਾਂ ਇੰਨੇ ਸਾਲਾਂ ਤੋਂ ਕਿਵੇਂ ਰਹਿ ਰਹੀ ਆ, ਫਿਰ ਇਹ ਨਹੀਂ ਸਮਝ ਆ ਰਹੀ ਚਵਲ ਜਨਾਨੀ ਨੇ ਪ੍ਰਾਇਵੇਟ ਨੌਕਰੀ ਤੋਂ ਵਿਦੇਸ਼ ਭੇਜਣ ਜੋਗੇ ਪੈਸੇ ਇੱਕਠੇ ਕਿਵੇਂ ਕਰ ਲਏ

ਰਜਨੀ- ਜੀ ਮੈਂ ਤਾਂ ਆਪ ਹੈਰਾਨ ਹਾਂ, ਇੰਨੀ ਵੱਡੀ ਛਾਲ ਕਿਵੇਂ ਮਾਰਣ ਲੱਗੀ ਆ, ਕਿਸੇ ਵੀ ਰਿਸ਼ਤੇਦਾਰ ਤੋਂ ਇੱਕ ਰੁਪਿਆ ਨਹੀਂ ਮੰਗਿਆ ਉਸਨੇ, ਮੈਂ ਤਾਂ ਆਪ ਸੋਚੀ ਪਈ ਹੋਈ ਹਾਂ

ਪਿੰਟੂ- ਕੋਈ ਤਾਂ ਚੱਕਰ ਹੈ ਬੇਸ਼ਰਮ ਜਨਾਨੀ ਦਾ, ਐਂਵੇ ਨਹੀਂ ਮੜਕ ਨਾਲ ਰਹਿੰਦੀ, ਕਿਸੇ ਦੇ ਤਰਲੇ ਨਹੀਂ ਕਰਦੀ

ਰਜਨੀ ਬੁੜ ਬੁੜ ਕਰਦੀ ਹੋਈ (ਬੇਸ਼ਰਮ ਜਨਾਨੀ ਮੇਰੇ ਸੁਹਰਿਆਂ ਵਿੱਚ ਮੇਰਾ ਨੱਕ ਵਡਾ ਕੇ ਰੱਖ ਦਿੱਤਾ)

ਪਿੰਕਾ-ਉਏ ਗੋਪਾਲੇ ਮੈਂ ਸੁਣਿਆ ਆ ਆਪਣੀ ਬਾਸ ਦੇ ਕੋਈ ਅੱਗੇ ਪਿੱਛੇ ਹੈ ਨਹੀਂ, ਇੱਕੋ ਮੁੰਡਾ ਉਹ ਵੀ ਵਿਦੇਸ਼ ਗਿਆ

ਗੋਪਾਲ- ਹਾਂਜੀ ਭਾਜੀ ਸਹੀ ਸੁਣਿਆ ਜੇ

ਪਿੰਕਾ- ਸੁਣਿਆ ਛੱਡੀ ਹੋਈ ਆ

ਗੋਪਾਲ- ਹਾਂਜੀ ਭਾਜੀ ਸਹੀ ਸੁਣਿਆ ਜੇ

ਪਿੰਕਾ- ਆਕੜ ਵੇਖੀ ਆ, ਕਿਵੇਂ ਰੌਅਬ ਨਾਲ ਗੱਲ ਕਰਦੀ ਏ

ਗੋਪਾਲ-ਹਾਂ ਜੀ ਭਾਜੀ ਗੁੱਸੇ ਵਾਲੀ ਬੜੀ ਜੇ, ਫਾਲਤੂ ਖੰਘਣ ਨਹੀਂ ਜੇ ਦਿੰਦੀ ਕਿਸੇ ਨੂੰ

ਪਿੰਕਾ- ਆਹੋ ਮੇਰਾ ਵੀ ਪੇਚਾ ਪੈ ਗਿਆ ਸੀ ਇੱਕ ਵਾਰ ਇਸ ਨਾਲ, ਮੂੰਹ ਫੱਟ ਕਹਿੰਦੀ ਕੰਮ ਕਰਣਾ ਤਾਂ ਕਰੋ ਵੀਰ ਜੀ ਨਹੀਂ ਤਾਂ ਕੰਮ ਛੱਡ ਦੋ

ਗੋਪਾਲ-ਆਹੋ ਭਾਜੀ ਐਂਵੇ ਦੀ ਹੀ ਆ, ਮੈਂ ਤਾਂ ਫਾਲਤੂ ਬੋਲਦਾ ਹੀ ਨਹੀਂ ਇਸ ਅੱਗੇ

ਪਿੰਕਾ- ਕੋਈ ਮੇਰੇ ਵਰਗਾ ਅਣਖੀ ਟੱਕਰਿਆ ਨਹੀਂ ਇਸਨੂੰ ਅਜੇ ਤੱਕ ਲੱਗਦਾ, ਤਾਂ ਹੀ ਇਸ ਦੀ ਧੌਣ ਵਿੱਚ ਕਿੱਲਾ ਏ, ਮੈਂ ਤਾਂ ਮੌਕਾ ਲੱਭਦਾ ਰਹਿੰਦਾ ਇਸ ਹੰਕਾਰੀ ਜਨਾਨੀ ਦੇ ਧੌਣ ਦਾ ਕਿੱਲਾ ਕੱਢਣ ਲਈ, ਜਿਸ ਦਿਨ ਮੇਰਾ ਤੀਰ ਨਿਸ਼ਾਨੇ ਤੇ ਲੱਗ ਗਿਆ, ਰੱਜ ਕੇ ਜਲੂਸ ਕੱਢਣਾ ਇਸ ਦਾ

ਗੋਪਾਲ-ਛੱਡੋ ਭਾਜੀ ਤੁਸੀਂ ਕਿਉਂ ਖਹਿੰਦੇ ਰਹਿੰਦੇ ਹੋ ਐਂਵੇ ਬਿਨਾਂ ਵਜੇ, ਆਪਣੇ ਕੰਮ ਨਾਲ ਮਤਲਬ ਰੱਖੋ ਬੱਸ

ਪਿੰਕਾ- ਹੁਣ ਇੰਨੇ ਮਾੜੇ ਹਲਾਤ ਹੋ ਗਏ ਨੇ ਸਾਡੀ ਮਰਦ ਜਾਤ ਦੇ, ਕੀ ਇਹੋ ਜਿਹੀਆਂ ਛੱਡੀਆਂ ਹੋਈਆਂ ਜਨਾਨੀਆਂ ਹੁਣ ਸਾਡੇ ਤੇ ਰਾਜ ਕਰਣਗੀਆਂ। ਜਿਹੜੀਆਂ ਆਪਣੇ ਘਰ ਵਾਲੇ ਨਾਲ ਨਿਭਾ ਨਾ ਕਰ ਸਕੀ ਅਤੇ ਸੁਹਰੇ ਪਰਿਵਾਰ ਵਿੱਚ ਨਹੀਂ ਟਿਕੀ, ਕੀ ਪਤਾ ਕੀ ਗੱਲ ਹੋਵੇਗੀ, ਖੋਰੇ ਕਿੰਨੀ ਕੁ ਬੇਸ਼ਰਮ ਜਨਾਨੀ ਹੋਵੇ, ਸਾਡੇ ਸਾਹਮਣੇ ਐਂਵੇ ਕਿੱਲਾ ਗੱਡੀ ਰੱਖਦੀ ਆ

ਗੋਪਾਲ- ਭਾਜੀ ਗੱਲ ਤਾਂ ਸਹੀ ਆ ਤੁਹਾਡੀ, ਇਹੋ ਜਿਹੀਆਂ ਬੇਸ਼ਰਮ ਜਨਾਨੀਆਂ ਵੱਲ ਵੇਖ ਕੇ ਸਾਡੀਆਂ ਵੀ ਸਿਰ ਚੁੱਕਣ ਨੂੰ ਫਿਰਦੀਆਂ

ਪਿੰਕਾ- ਫਿਕਰ ਨਾ ਕਰ ਇਹੋ ਜਿਹੀਆਂ ਬੇਸ਼ਰਮ ਜਨਾਨੀਆਂ ਨੂੰ ਸਾਡੇ ਵਰਗੇ ਅਣਖੀ ਹੀ ਸਿੱਧੀ ਕਰਦੇ ਹੁੰਦੇ ਨੇ, ਸਮਾਂ ਆਉਣ ਦੇ ਰੱਜ ਕੇ ਜਲੂਸ ਕੱਢਾਂਗੇ ਇਸ ਬੇਸ਼ਰਮ ਜਨਾਨੀ ਦਾ

ਰਿਸ਼ਤੇਦਾਰ-ਰੱਬ ਨੇ ਸੁਣ ਲਈ ਰੂਬੀ ਦੀ, ਦਿਨ ਫਿਰ ਗਏ ਰੂਬੀ ਦੇ, ਕਿੱਧਰੇ ਆਪਣੇ ਸੋਹਰੇ ਹੁੰਦੀ ਤਾਂ ਅਗਲਿਆਂ ਨੇ ਮੂਲੀ ਵਾਂਗ ਛਿੱਲ ਕੇ ਝੁੱਲੇ ਡਾਈ ਹੋਣੀ ਸੀ। ਕੋਈ ਨਾ ਹੁਣ ਦੇਖਦੇ ਇਸ ਦੀ ਔਲਾਦ ਕੀ ਚੰਨ ਚਾੜਦੀ ਏ। ਇਹੋ ਜਿਹੀਆਂ ਬੇਸ਼ਰਮ ਜਨਾਨੀਆਂ ਤਾਂ ਕੁੜਮਾਂ ਤੋਂ ਵੀ ਛਿੱਤਰ ਖਾਂਦੀਆਂ ਨੇ

ਤੇਜਬੀਰ- ਮੰਮੀ ਮੈਨੂੰ ਸਮਝ ਨਹੀਂ ਆਉਂਦੀ ਕੀ ਤੁਹਾਨੂੰ ਸਭ ਦੀਆਂ ਚਲਾਕੀਆਂ ਸਮਝ ਨਹੀਂ ਆਉਂਦੀਆਂ ਜਾਂ ਤੁਸੀਂ ਇੰਨਾਂ ਦੀਆਂ ਹੱਰਕਤਾਂ ਅੱਖੋਂ ਪਰੋਖੇ ਕਰ ਦਿੰਦੇ ਹੋ, ਕਿਸ ਮਿੱਟੀ ਦੇ ਬਣੇ ਹੋ ਤੁਸੀਂ, ਤੁਹਾਨੂੰ ਤਕਲੀਫ ਨਹੀਂ ਹੁੰਦੀ

ਰੂਬੀ- ਪੁੱਤ ਮੇਰੇ ਵਰਗੀਆਂ ਜਨਾਨੀਆਂ ਨੂੰ ਤਕਲੀਫ ਨਹੀਂ ਹੁੰਦੀ ਬਲਕਿ ਆਪਣਿਆਂ ਵੱਲੋਂ ਦਿੱਤੀਆਂ ਤਕਲੀਫਾਂ ਮੇਰੇ ਵਰਗੀਆਂ ਜਨਾਨੀਆਂ ਨੂੰ ਬੇਸ਼ਰਮ ਬਣਾ ਦਿੰਦੀਆਂ ਹਨ, ਜਿੰਨਾਂ ਨੂੰ ਇੱਕਲੇ ਹੀ ਸਾਰੀ ਜਿੰਦਗੀ ਕੱਟਣੀ ਪਏ ਅਤੇ ਆਪਣੀਆਂ ਜਿੰਮੇਵਾਰੀਆਂ ਇੱਕਲੇ ਹੀ ਨਿਭਾਉਣੀਆਂ ਪੈਣ, ਕਿਸੇ ਦਾ ਵੀ ਸਾਥ ਨਾ ਮਿਲੇ ਤਾਂ ਇਹ ਪਹਾੜ ਵਰਗੀ ਜਿੰਦਗੀ ਕੱਟਣ ਲਈ ਅਤੇ ਸਮਾਜ ਵਿੱਚ ਜਿੰਦਾ ਰਹਿਣ ਲਈ ਮੇਰੇ ਵਰਗੀਆਂ ਜਨਾਨੀਆਂ ਨੂੰ ਪੁੱਤ ਬੇਸ਼ਰਮ ਹੋਣਾ ਪੈਂਦਾ ਹੈ। ਫਿਰ ਮੇਰੇ ਵਰਗੀਆਂ ਜਨਾਨੀਆਂ ਬੇਸ਼ਰਮ ਹੋ ਕੇ ਇੰਨਾਂ ਤਕਲੀਫਾਂ ਵਿੱਚੋਂ ਹੀ ਜਿਉਣ ਦੇ ਰਾਹ ਲੱਭਣ ਲੱਗ ਜਾਂਦੀਆਂ ਹਨ। ਪਰ ਇਹ ਜਿੰਦਗੀ ਦੇ ਸਿੱਕੇ ਦਾ ਟੇਲ ਵਾਲਾ ਪਾਸਾ ਹੈ ਜਿੰਦਗੀ ਦੇ ਸਿੱਕੇ ਦਾ ਹੈੱਡ ਵਾਲਾ ਪਾਸਾ ਪੁੱਤ ਤੂੰ ਹੈ ਮੇਰਾ। ਤੂੰ ਮੇਰੇ ਸਿਰ ਦਾ ਤਾਜ ਏ ਪੁੱਤ

ਤੇਜਬੀਰ- ਮੈਂ ਤਾਜ ਹਾਂ ਜਾਂ ਕੁਝ ਵੀ ਹਾਂ, ਪਰ ਮੰਮੀ ਤੁਸੀਂ ਮੇਰਾ ਰੱਬ ਹੋ, ਤੁਹਾਡੇ ਬਿਨਾਂ ਮੈਂ ਕੱਖ ਵੀ ਨਹੀਂ, ਅੱਜ ਮੈਂ ਜੋ ਵੀ ਹਾਂ ਸਿਰਫ ਤੁਹਾਡੀ ਮਿਹਨਤ ਸਦਕਾ ਹਾਂ

(ਬੇਸ਼ਰਮ ਜਨਾਨੀ ਰੋਂਦੀ ਹੋਈ ਵੀ ਹੱਸੀ ਜਾ ਰਹੀ ਸੀ)